# ਉੱਧੜੀ ਹੋਈ ਮੈਂ

ਹਰਮੀਤ ਵਿਦਿਆਰਥੀ



# ਉੱਧੜੀ ਹੋਈ ਮੈਂ

*ਇਸੇ ਕਲਮ ਤੋਂ :*

| | | |
|---|---|---|
| ਆਪਣੇ ਖ਼ਿਲਾਫ਼ | (ਕਾਵਿ ਸੰਗ੍ਰਹਿ) | 1990 |
| ਸਮੁੰਦਰ ਬੁਲਾਉਂਦਾ ਹੈ | (ਕਾਵਿ ਸੰਗ੍ਰਹਿ) | 2003 |

# ਉੱਧੜੀ ਹੋਈ ਮੈਂ

(ਕਾਵਿ-ਸੰਗ੍ਰਹਿ)

ਹਰਮੀਤ ਵਿਦਿਆਰਥੀ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Udhrhi Hoyi Mein*

***Poems by***

**Harmeet Vidiarthy** ©
#46, New Model Town
Ferozepur City-152002
Phone- 01632-220549
98149-76926
E-mail- sehajsamunder@yahoo.com

**ISBN : 978-93-84187-20-0**

**Rs. 150/-**

**2014**

*Printing and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਉਸ ਨੂੰ...

ਜਿਸ ਨੇ ਇਕ ਵਾਰ ਕਿਹਾ ਸੀ
"ਮੈਂ ਤੇਰੇ ਨਾਲ ਹਾਂ।"
ਤੇ ਹੁਣ ਮੈਂ ਕਦੇ ਵੀ
ਕਿਸੇ ਪਲ ਵੀ
ਇਕੱਲਾ ਨਹੀਂ ਹੁੰਦਾ

ਕਵਿਤਾ ਨਾਲ ਸੰਵਾਦ ਰਚਾਉਣ ਦੀ ਰੀਝ ਵਿਚ ਮੈਂ ਆਪਣੇ ਘਰ ਦੇ ਜੀਆਂ ਦਾ ਬੜਾ ਵਕਤ ਚੁਰਾਇਆ ਹੈ। ਅਜਿਹੇ ਕਈ ਵਕਤ ਆਏ ਹੋਣਗੇ ਜਦੋਂ ਮੇਰੇ ਪਰਿਵਾਰ ਨੂੰ ਮੇਰੀ ਜ਼ਰੂਰਤ ਹੁੰਦੀ ਹੋਵੇਗੀ ਪਰ ਕਵਿਤਾ ਮੈਨੂੰ ਆਪਣੀ ਉਂਗਲ ਲਾ ਕੇ ਆਪਣੇ ਨਾਲ ਲੈ ਤੁਰਦੀ ਸੀ। ਮੇਰਾ ਘਰ ਮੇਰੀਆਂ ਅਣਗਹਿਲੀਆਂ/ਅਲਗਰਜ਼ੀਆਂ ਵਾਰ-ਵਾਰ ਦਰ ਗੁਜ਼ਰ ਕਰਦਾ ਰਿਹਾ। ਮੈਂ ਆਪਣੇ ਪਰਿਵਾਰ ਦਾ ਰਿਣੀ ਹਾਂ।

*ਮੈਂ ਭਰੇ ਮਨ ਨਾਲ*
*ਯਾਦ ਕਰਦਾ ਹਾਂ*
*ਵਿੱਛੜੇ ਯਾਰਾਂ*
*ਸੋਹਨਦੀਪ ਥਿੰਦ ਅਤੇ*
*ਤਰਲੋਕ ਜੱਜ ਨੂੰ*

ਸਿਰਜਣ ਸਮਿਆਂ 'ਚ ਅੰਗ ਸੰਗ ਰਹੇ
ਅਨਿਲ ਆਦਮ, ਤਸਕੀਨ, ਸ਼ਬਦੀਸ਼, ਪ੍ਰੋ. ਜਸਪਾਲ ਘਈ, ਡਾ. ਸੁਸ਼ੀਲ ਰਹੇਜਾ, ਰਾਜੀਵ ਖ਼ਯਾਲ, ਮੁਸੱਵਰ ਫ਼ਿਰੋਜ਼ਪੁਰੀ ਅਤੇ ਪ੍ਰੋ. ਕੁਲਦੀਪ ਦਾ ਸ਼ੁਕਰੀਆ ਕਰਕੇ ਉਨ੍ਹਾਂ ਦੇ ਮੋਹ ਦੀ ਤੌਹੀਨ ਨਹੀਂ ਕਰਾਂਗਾ।

# ਤਤਕਰਾ


| | | |
|---|---|---|
| ਇਹ ਜੋ ਭੂਮਿਕਾ ਨਹੀਂ | *-ਤਸਕੀਨ* | 9 |
| ਰਾਤੀਂ ਹੁੰਮਸ ਬਹੁਤ ਸੀ | ................ | 17 |
| ਮੈਂ ਤਲਾਸ਼ ਵਿਚ ਹਾਂ | ................ | 21 |
| ਅੱਜ ਕਲ੍ਹ | ................ | 24 |
| ਵਿਚ ਵਿਚਾਲੇ | ................ | 28 |
| ਡਿਗਰੀ 360 | ................ | 29 |
| ਘਰ ਘੁਣ ਨਹੀਂ ਹੁੰਦੇ | ................ | 33 |
| ਸਵੈ ਸੰਵਾਦ | ................ | 36 |
| ਸ਼ੋਅ-ਰੂਮ | ................ | 38 |
| ਖ਼ੌਫ, ਸ਼ੀਸ਼ਾ ਤੇ ਮੈਂ | ................ | 40 |
| ਰੁਕ ਜ਼ਰਾ | ................ | 42 |
| ਮੈਂ ਇਕ ਸਿਰਜਣਹਾਰ ਹਾਂ | ................ | 43 |
| ਘਰ | ................ | 46 |
| ਤਾਰੇ | ................ | 48 |
| ਪਾਣੀ ਦੀ ਅਭਿਨੈ-ਕਥਾ | ................ | 49 |
| ਬੈਗ | ................ | 53 |
| ਨੀਂਦ ਤੇ ਸੁਪਨੇ | ................ | 55 |
| ਸ਼ਹਿਰ ਹੁਣ ਉਹ ਨਹੀਂ ਰਿਹਾ | ................ | 58 |
| ਕਾਸ਼ | ................ | 63 |
| ਸਾਡੇ ਸਮੇਂ | ................ | 64 |
| ਥੋੜ੍ਹਾ ਕੁ | ................ | 67 |
| ਫ਼ਰੀਦ ਨਾਲ ਗ਼ੈਰ-ਰਸਮੀ ਸੰਵਾਦ | ................ | 68 |
| ਮੈਂ ਸੂਰਜ ਹਾਂ | ................ | 71 |
| ਕੰਨਾਂ ਵਿਚ ਗੂੰਜਦੇ ਬੋਲ | ................ | 73 |
| ਜੀਅ ਕਰਦਾ ਹੈ | ................ | 77 |
| ਇਕੱਲਾ ਨਹੀਂ ਹਾਂ ਮੈਂ | ................ | 79 |

# ਇਹ ਜੋ ਭੂਮਿਕਾ ਨਹੀਂ

ਹਰਮੀਤ ਵਿਦਿਆਰਥੀ ਪੰਜਾਬੀ ਕਾਵਿ-ਮੰਚ ਉੱਪਰ ਜਾਣਿਆ-ਪਛਾਣਿਆ ਨਾਂ ਹੈ। 'ਸਮੁੰਦਰ ਬੁਲਾਉਂਦਾ ਹੈ' ਦੇ ਸਾਗਰੀ ਬੁਲਾਵੇ ਤੋਂ ਬਾਅਦ ਹੁਣ ਉਸ ਦੀ ਕਵਿਤਾ ਸਵੈ ਦੇ ਬੁਲਾਵੇ ਵੱਲ ਪਰਤਦੀ ਹੈ। ਉਸ ਦੀ ਕਵਿਤਾ 'ਸਾਗਰੀ ਛੱਲਾਂ' ਦੀ ਖੌਰੂ ਪਾਉਂਦੀ ਮਾਰ 'ਚ ਆਪਣੀ ਖੁਰ ਰਹੀ ਹੋਂਦ ਨੂੰ ਬਚਾਅ ਕੇ ਨਿਕਲ ਜਾਣ ਦਾ ਆਹਰ ਬਣਦੀ ਹੈ, ਜਿੱਥੇ 'ਸਾਗਰੀ ਛੱਲਾਂ' 'ਚ ਉਸ ਦੇ ਆਪਣੇ ਹਮ-ਜਿਨਸ, ਹਮਨਫ਼ਸ 'ਸਮੁੰਦਰੀ ਛੱਲਾਂ' ਨੂੰ ਹੀ ਆਪਣਾ ਆਪਾ ਸੌਂਪ ਚੁੱਕੇ ਹਨ। ਅਜਿਹੀਆਂ ਮਾਰੂ ਛੱਲਾਂ 'ਚੋਂ ਬਚ ਨਿਕਲਣ ਦਾ ਚਿੰਤਨੀ ਆਹਰ, ਜਿੱਥੇ ਚਾਰ ਚੁਫ਼ੇਰੇ ਵਿਚਾਰਾਂ ਦਾ ਘੁੱਪ ਹਨੇਰਾ ਹੋਵੇ, ਮੁਮਕਿਨ ਤਾਂ ਹੈ ਪਰ ਸੁਖਾਲਾ ਨਹੀਂ ਹੁੰਦਾ। ਇਹ ਸਮਾਂ ਅਮਲ-ਚਿੰਤਨ ਦੇ ਸੁਮੇਲ ਦੀ ਸ਼ਾਹਰਾਹ 'ਤੇ ਚੜ੍ਹਨ ਦਾ ਹੈ। ਕੋਈ ਵੀ ਸਮਾਂ ਅਜਿਹਾ ਨਹੀਂ ਹੁੰਦਾ, ਜਦੋਂ ਇਨ੍ਹਾਂ ਦੀ ਸਾਂਝ ਤੋਂ ਬਿਨਾਂ ਮੁਕਤੀ ਵੱਲ ਕਦਮ ਪੁੱਟਿਆ ਜਾ ਸਕੇ। ਇਕ ਸਮਾਂ ਸੀ, ਜਦੋਂ ਮੁਕਤੀ ਦੇ 'ਵਣਜਾਰਿਆਂ' ਦੇ 'ਅਮਲ' ਨੇ ਚਿੰਤਨ ਨੂੰ ਬੇਦਾਵਾ ਲਿਖ ਦਿੱਤਾ ਸੀ ਅਤੇ ਇਸ ਦਾ ਸਿੱਟਾ ਹੈ ਕਿ 'ਅਮਲ' ਗਲੋਬੀ ਕਾਲ ਦੀ ਗਹਿਰੀ ਹਨੇਰੀ ਗਾਰ ਵਿਚ ਅਜਿਹਾ ਧਸਿਆ ਕਿ ਉਸ ਕੋਲ ਬਾਹਰ ਆ ਸਕਣ ਦਾ ਕੋਈ ਇਮਕਾਨ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਜਿਨ੍ਹਾਂ 'ਅਮਲੀ ਬਾਦਬਾਨਾਂ' ਨੂੰ ਘੁੱਟ ਕੇ ਫੜੀ ਬੈਠੇ ਹਨ, ਉੱਥੇ ਚਿੰਤਨ ਦਾ ਸੂਰਜ ਉਗਮਣ ਦੀ ਸੰਭਾਵਨਾ ਨਾਮੁਮਕਿਨ ਜਾਪਦੀ ਹੈ।

ਹਰਮੀਤ ਵਿਦਿਆਰਥੀ ਦਾ ਕਾਵਿ-ਕੋਣ ਗਲੋਬੀ ਗੋਲਾਈ ਤੋਂ ਪਿੰਡਾ ਛੁਡਾਉਣ ਦਾ ਚਿੰਤਨ ਹੈ, ਜੋ ਅਮਲ ਤੋਂ ਹਾਰੇ ਪੰਜਾਬੀ ਸਿਰਜਕਾਂ ਦੀ ਪ੍ਰਤੀਨਿਧਤਾ ਕਰਦਾ ਇਕਬਾਲੀਆ ਬਿਆਨ ਬਣ ਪੇਸ਼ ਹੁੰਦਾ ਹੈ। ਜਿੱਥੇ ਸੰਘਰਸ਼ ਸਿਰਫ਼ ਪ੍ਰਵਚਨੀ ਰੂਪ ਧਾਰ ਗਿਆ ਹੈ। ਅਮਲ ਕਿਸੇ ਹੋਰ ਦੇ ਚਿੰਤਨ ਨਾਲ ਬਰ ਮੇਚਣਾ ਨਹੀਂ ਹੁੰਦਾ, ਸਗੋਂ ਆਪਣੇ ਆਲ਼ੇ-ਦੁਆਲ਼ੇ ਦੀ ਸਮਾਜ-ਆਰਥਿਕ ਜਕੜਨ ਨਾਲ ਭੇੜ 'ਚੋਂ ਪੈਦਾ ਹੋਈ ਸੋਝੀ ਦੀ ਇਤਿਹਾਸ ਵੱਲ ਪਹੁੰਚ ਦਾ ਅਮਲ ਹੁੰਦਾ ਹੈ। ਇਹ ਪ੍ਰਤੀਵਾਦ ਚਿੰਤਨ ਦੀ ਸਮੇਂ ਖ਼ਿਲਾਫ਼ ਅਸਹਿਮਤੀ ਹੀ ਨਹੀਂ ਹੁੰਦਾ, ਸਗੋਂ ਅਮਲ ਹੀ ਇਸ ਚਿੰਤਨ ਨੂੰ ਪ੍ਰਤੀਰੋਧ ਵਾਸਤੇ ਚਾਨਣ ਬਖ਼ਸ਼ਦਾ ਹੈ ਅਤੇ ਇਹ ਸਭ 'ਅਰਥਦ,

ਨਰਬਦ, ਧੰਦੂਕਾਰਿਆਂ 'ਚੋਂ ਮਨੁੱਖੀ ਹੋਂਦ ਨੂੰ ਖੋਹਣ ਦੇ ਸਮਰੱਥ ਬਣ ਜਾਂਦਾ ਹੈ। ਸ਼ਬਦ ਮੁਕਤੀ ਲਈ ਛਟਪਟਾਹਟ ਹੈ ਅਤੇ ਇਸ ਨੂੰ 'ਘੜਿਆ' ਜਾ ਸਕਦਾ ਹੈ: ਸਿਰਫ਼ ਜੀਵਨ/ਅਮਲ ਦੀ ਸੱਚੀ ਟਕਸਾਲ 'ਚ ਹੀ। ਬਾਬਾ ਨਾਨਕ ਚਿੰਤਨ/ਸ਼ਬਦ ਦੀ ਸ਼ਕਤੀ ਦਾ ਰਹੱਸ ਇਸੇ 'ਚੋਂ ਤਲਾਸ਼ਦਾ ਹੈ-

*ਜਤੁ ਪਾਹਾਰਾ, ਧੀਰਜੁ ਸੁਨਿਆਰੁ*
*ਅਹਰਣਿ ਮਤਿ, ਵੇਦੁ ਹਥਿਆਰੁ*
*ਭਉ ਖਲਾ, ਅਗਨਿ ਤਪ ਤਾਉ*
*ਭਾਂਡਾ ਭਾਉ, ਅੰਮ੍ਰਿਤੁ ਤਿਤੁ ਢਾਲਿ*
*ਘੜੀਐ ਸ਼ਬਦੁ ਸਚੀ ਟਕਸਾਲ॥*

ਇਹ ਖੱਲ ਜਦੋਂ ਲੁਹਾਰ ਦੀ ਅਗਨ ਭੱਠੀ ਵਾਂਗ ਮੱਚਦੀ ਹੈ ਤਾਂ ਇਸ ਵਿਚੋਂ ਜੋ ਭਾਂਡਾ ਬਣਦਾ ਹੈ, ਉਹੀ ਸ਼ਬਦ ਹੈ, ਚਿੰਤਨ ਹੈ, ਚੇਤਨਾ ਹੈ; ਖੱਲ ਨੂੰ ਤਪਾਏ/ਅਮਲ ਤੋਂ ਬਿਨਾਂ ਸ਼ਬਦ ਅੱਜ ਦੇ ਕਵੀ ਦਾ 'ਹੁਨਰੀ ਕਸਬ' ਹੋ ਸਕਦਾ ਹੈ, ਜਿਸ ਵੱਲ ਹਰਮੀਤ ਸੈਨਤਾਂ ਰਾਹੀਂ ਵਿਅੰਗ ਕਰਦਾ ਹੈ, ਕਿਉਂਕਿ ਅੱਜ ਦਾ ਕਵੀ ਨੁਮਾ ਅਦਬ-ਨਵਾਜ਼ ਹਰਮੀਤ ਦੀ ਕਵਿਤਾ 'ਚ ਤਿਜਾਰਤੀ ਸੌਦਾਗਰ ਬਣ ਕੇ ਆ ਬਹੁੜਦਾ ਹੈ।

*ਅੱਖਰਾਂ ਦੀ ਜਿਸਮ ਫਰੋਸ਼ੀ*
*ਸ਼ਬਦਾਂ ਦੀ ਤਿਜਾਰਤ*
*ਰੂਹ ਦੀ ਬੇਚੈਨੀ*
*ਅੱਜ ਕਲ੍ਹ*
*ਮੰਡੀ 'ਚ ਹੀ ਰਹਿੰਦਾ ਹਾਂ ਮੈਂ*

..............

*ਮੈਂ/ਆਪਣੀ ਤਿਜਾਰਤ ਨੂੰ*
*ਮਸੀਹੀ ਰੰਗ 'ਚ ਰੰਗ ਕੇ*
*ਆਪਣੀਆਂ ਖ਼ਾਹਿਸ਼ਾਂ ਨੂੰ*
*ਅਧਿਆਤਮਕ ਲਿਬਾਸ ਪਵਾ*
*ਆਪਣੇ ਤਿਜਾਰਤੀ ਹੁਨਰ ਨੂੰ*
*ਜਾਦੂਗਰ ਵਾਂਗ*
*ਗਿਲੀ ਗਿਲੀ ਕਰਕੇ*

*ਪੇਸ਼ ਕਰਦਾ ਹਾਂ*

...........

*ਆਪਣੇ ਚੌਗਿਰਦੇ 'ਚ*
*ਵਣਜਾਰੇ ਵਾਂਗ ਵਿਚਰਦਾ ਮੈਂ*
*ਸ਼ੁੱਧ ਕਾਰੋਬਾਰੀ ਮਸ਼ੀਨ*
*ਵਿਕਣ ਲਈ ਸਦਾ ਤਤਪਰ*
*ਚਲਦਾ ਫਿਰਦਾ ਤਿਜਾਰਤੀ ਸ਼ੋਅਰੂਮ*
*ਤੁਸੀਂ ਚਾਹੋ ਤਾਂ*
*ਬੋਲੀ ਦਾ ਹੋਕਾ*
*ਉੱਚੀ ਆਵਾਜ਼ 'ਚ ਦੇ ਸਕਦੇ ਹੋ...*

ਹਰਮੀਤ ਜਿਨ੍ਹਾਂ ਸਮਿਆਂ ਅੰਦਰ ਕਵਿਤਾ ਦੇ ਇਸ਼ਕ 'ਚ ਗ਼ਲਤਾਨ ਹੋਇਆ ਸੀ, ਉਹ ਸਮਾਂ ਹਿੱਕ 'ਤੇ ਸੰਗੀਨ ਦੀ ਕਿਰਚੀ ਪ੍ਰਕਾਰ ਰੱਖ ਮਨੁੱਖ ਨੂੰ ਗੋਲ ਆਕਾਰ ਦੇਣ ਦਾ ਯੁੱਗ ਸੀ, ਕਿਉਂਕਿ ਉਨ੍ਹਾਂ ਕੋਲ ਕੋਈ ਸਾਣ ਨਹੀਂ ਸੀ ਜੋ ਕਵੀ ਦੇ ਜ਼ਿਹਨ ਅੰਦਰ ਬਣਦੇ ਕੋਣਾਂ ਦੇ ਸਿਰਿਆਂ ਨੂੰ ਗੋਲ ਕਰ ਸਕਦੀ (ਕਿਉਂਕਿ ਉਨ੍ਹਾਂ 'ਸਮਿਆਂ' ਕੋਲ ਵਿਚਾਰ ਨੂੰ ਜ਼ਿਹਨ 'ਚੋਂ ਧੋ ਦੇਣ ਦੇ ਸੰਦ ਨਾ-ਮਾਤਰ ਹੋਣ ਕਰਕੇ ਉਹ ਚਿੰਤਕ ਦੇ ਬਾਹਰੀ ਆਕਾਰ ਨੂੰ ਹੀ ਮਿਟਾਅ ਸਕਦੇ ਸਨ), ਪਰ ਉਸ ਦੀ ਕਵਿਤਾ ਦੀ ਇਸ ਚੀਖ਼ ਅੰਦਰ ਉਸ ਨਵੀਂ ਸਾਣ ਦਾ ਖੌਰੂ ਸੁਣਦਾ ਹੈ, ਜਿਸ ਨੂੰ ਕਾਰਪੋਰੇਟੀ ਯੁੱਗ ਨੇ ਬੰਦੇ ਨੂੰ ਗੋਲ ਆਕਾਰ ਦੇਣ ਲਈ ਸੂਖ਼ਮ ਤਰੀਕੇ ਨਾਲ ਜਿਹਨਾਂ ਅੰਦਰ ਉਤਾਰ ਦਿੱਤਾ ਹੈ, ਜਿਵੇਂ ਪਾਥਫਾਈਂਡਰ ਮੰਗਲ ਦਾ ਆਕਾਰ, ਬਰਫ਼, ਪਾਣੀ ਅਤੇ ਮਿੱਟੀ ਦੇ ਰੰਗ ਨੂੰ ਆਪਣੀ ਕਾਰਪੋਰੇਟੀ ਸ਼ਕਲ 'ਚ ਢਾਲ ਦਿੰਦਾ ਹੈ, ਭਾਵ ਹੁਣ ਚਿੰਤਕ ਉੱਪਰ ਬਾਹਰੀ ਹਮਲੇ ਦੀ ਸੰਭਾਵਨਾ ਦੀ ਬਜਾਏ ਉਸ ਨੂੰ ਆਪਣੀ ਵਿਚਾਰਧਾਰਾ ਦਾ ਹਮਰਾਜ ਬਣਾ ਲੈਣ ਦੀ ਸੰਭਾਵਨਾ ਕਿਤੇ ਸੌਖੀ ਹੈ। ਉਸ ਦੇ ਜ਼ਿਹਨ ਦੇ ਗੋਲਾਕਾਰ ਹੋਣ ਦੀ ਸੰਭਾਵਨਾ, ਉਸ ਦੀ ਤ੍ਰਿਸ਼ਨਾ ਦਾ ਵਿਰਾਟ ਰੂਪ ਧਾਰ ਲੈਣਾ ਹੈ, ਜਿਸ ਲਈ ਪ੍ਰਤੀਰੋਧ ਦੀਆਂ ਸਮੁੱਚੀਆਂ ਭਾਵਨਾਵਾਂ ਨੂੰ ਹੀ ਅਗਵਾ ਕਰਨਾ ਸੁਖਾਲਾ ਹੋ ਜਾਂਦਾ ਹੈ। ਇਸ ਤਰ੍ਹਾਂ ਚਿੰਤਕ/ਕਵੀ/ਸਿਰਜਕ ਦੇ 'ਹੋਣ' ਦੀ ਇੱਛਾ ਨੂੰ ਹੀ 'ਵਸਤੂਆਂ' ਦੇ ਭਾਰ ਨਾਲ ਤੋਲ ਦਿੱਤਾ ਜਾਂਦਾ ਹੈ ਤਾਂ ਕਿ ਉਹ ਦੂਸਰੀ ਜਮਾਤ (ਹਾਸ਼ੀਆਗਤ ਜਮਾਤ) ਦਾ ਪਥ-ਪ੍ਰਦਰਸ਼ਕ ਬਣ ਕੇ ਕਾਬਜ਼ਾਂ ਲਈ ਖ਼ਤਰਾ ਨਾ ਖੜ੍ਹਾ ਕਰ ਸਕੇ। ਹਰਮੀਤ ਇਨ੍ਹਾਂ ਕੋਣਾਂ ਦੀ ਸਿਆਸਤ 'ਚੋਂ ਕਵੀ ਦੇ ਸਵੈ ਦੀ ਤਲਾਸ਼ ਕਰਦਾ, ਸਵੈ ਸੰਗ ਸੰਵਾਦ ਰਚਾਉਂਦਾ ਹੈ:-

ਅੰਦਰਲੇ ਇਕਲਾਪੇ ਦਾ
ਬਾਹਰਲੀ ਭੀੜ ਸੰਗ ਰਿਸ਼ਤਾ
ਮੈਂ
ਇਨ੍ਹਾਂ ਰਿਸ਼ਤਿਆਂ ਦੀ
ਸਮਭੁਜੀ ਤਿਕੋਣ ਬਣਾਉਂਦਾ
ਆਇਤ ਸਿਰਜਦਾ
ਰਿਸ਼ਤਿਆਂ ਦੇ ਇਨ੍ਹਾਂ ਕੋਣਾਂ ਨੂੰ
ਵਾਰ-ਵਾਰ ਮਾਪਦਾ ਹਾਂ
ਕਿਤੇ ਕੋਣ ਛੋਟੇ ਵੱਡੇ ਹੋ ਜਾਂਦੇ ਹਨ
ਕਿਤੇ ਰੇਖਾਵਾਂ
ਇਕ ਦੂਜੇ ਨਾਲ
ਖਹਿਬੜਨ ਲੱਗ ਪੈਂਦੀਆਂ ਨੇ

ਮੈਂ ਤਰਕ ਦੀ ਵਾੜ 'ਚ ਘਿਰਿਆ
ਮੁਹੱਬਤਾਂ ਦਾ ਜੰਗਲੀ ਗੁਲਾਬ

ਕਿਸੇ ਤਿਕੋਣ ਦਾ ਚੌਥਾ
ਕਿਸੇ ਆਇਤ ਦਾ ਪੰਜਵਾਂ ਕੋਣ

ਤੁਸੀਂ ਜੋ ਮਰਜ਼ੀ ਕਹੋ
ਮੈਂ ਗੋਲ ਦਾਇਰੇ ਦੇ
ਕੇਂਦਰ 'ਚ ਗਵਾਚਿਆ
360 ਡਿਗਰੀ ਦਾ ਕੋਣ
ਆਪਣੇ ਸਫ਼ਰ ਦਾ
ਇਤਿਹਾਸ ਫਰੋਲ ਰਿਹਾ ਹਾਂ ਮੈਂ
ਸਮਝ ਹੀ ਨਹੀਂ ਆਉਂਦੀ
ਸਫ਼ਰ ਮੁੱਕ ਗਿਆ ਹੈ
ਜਾਂ
ਥੱਕ ਗਿਆ ਹਾਂ ਮੈਂ

ਹਰਮੀਤ ਇਸ ਕਵਿਤਾ ਰਾਹੀਂ ਉਸ ਅਮਲੋਂ ਟੁੱਟੇ ਕਵੀ/ਚਿੰਤਕ ਦੀ ਬਿਰਤੀ 'ਤੇ ਫਲੈਸ਼ ਮਾਰਦਾ ਹੈ, ਜੋ ਸਵੈ-ਮੋਹ/ਸਵੈ-ਪਛਾਣ ਦੀ ਜਿੱਲ੍ਹਣ ਵਿਚ ਮੌਰਾਂ ਤਕ ਧਸਿਆ ਪਿਆ ਹੈ, ਜਿਸ ਕੋਲ 'ਹੋਣ' ਦੀ ਚੇਤਨਾ ਦੇ ਝੌਂਕੇ ਤਾਂ ਆਉਂਦੇ ਹਨ, ਪਰ ਜਿਸ ਕੋਲ ਅਮਲ ਤੋਂ ਟੁੱਟੀ 'ਆਤਮਾ' ਰੀਂਘੇ ਪਈ ਹੋਈ ਜਿੰਦ ਹੈ ਜੋ ਸਿਸਟਮੀ ਨਹਿਰ ਅੰਦਰ ਰੁੜ੍ਹਦੀ ਤੁਰੀ ਜਾਂਦੀ ਹੈ। ਮੱਧਕਾਲੀ ਕਵੀ ਅਤੇ ਆਧੁਨਿਕ ਕਵੀ ਕਦੇ ਆਪਣੇ ਵਿਚਾਰ/ਸਿਧਾਂਤ ਦੇ ਅਮਲ ਤੋਂ ਵੱਖ ਨਹੀਂ ਸਨ ਹੁੰਦੇ। ਕਵਿਤਾ ਲਿਖਣਾ ਨਹੀਂ, ਜਿਊਣ/ਹੋਣ ਦਾ ਅਮਲ/ਵੱਲ ਹੈ, ਜਿਵੇਂ ਪੰਜਾਬ ਦੇ ਮੱਧਕਾਲੀ ਕਵੀ ਫ਼ਕੀਰੀ ਅੰਦਾਜ਼ 'ਚ ਤੰਤਰ ਵਿਰੁੱਧ, ਸਥਾਪਤੀ ਵਿਰੁੱਧ ਆਢਾ ਲਾਉਣ ਦੇ ਸਿਧਾਂਤ ਨੂੰ ਹੀ ਕਵਿਤਾ ਵਿਚ ਢਾਲ ਦਿੰਦੇ ਸਨ, ਜਿਵੇਂ ਅਵਾਂਗਰਦ ਹਰ ਉਸ ਚਿਹਨ, ਬਿੰਬ, ਅਲੰਕਾਰ ਉੱਪਰ ਹਮਲਾ ਕਰਦੇ ਜਿਸ ਵਿਚ ਸਥਾਪਤ ਤੰਤਰ ਦੀ ਬੋਅ ਮਹਿਸੂਸ ਕਰਦੇ ਸਨ, ਜੋ ਭੰਨੀ ਹੋਈ ਗਿਰੀ 'ਚੋਂ ਵੀ ਪੌਦਾ ਉਗਾਉਣ ਦੇ ਸਮਰੱਥ ਸੀ। ਪਰ ਉੱਤਰ-ਆਧੁਨਿਕ ਯੁੱਗ ਦਾ ਵਾਇਰਸ ਪਹਿਲਾਂ ਤਾਂ ਜ਼ਿਹਨ 'ਚੋਂ ਚੇਤਨਾ ਦੀ ਰੱਤ ਚੂਸ ਲੈਂਦਾ ਹੈ ਅਤੇ ਜੇ ਕਿਤੇ ਫਿਰ ਵੀ ਉਹ ਬਚੀ ਖੁਚੀ ਰਹਿ ਜਾਵੇ ਤਾਂ ਉਹ ਸਿਰਫ਼ 'ਸਿਰਜਕ' ਦੀ ਘਾੜ੍ਹਤ ਬਣ ਕੇ ਰਹਿ ਜਾਂਦੀ ਹੈ। ਉੱਤਰ-ਆਧੁਨਿਕ ਸਥਿਤੀ ਵਿਚਲੀ ਰਸਹੀਣ ਸੰਵੇਦਨਾ, ਕਿਉਂਕਿ ਰਸਹੀਣ ਸੰਵੇਦਨਾ ਵਾਲੇ ਵੇਲਣੇ 'ਚੋਂ ਕੱਢੀਆਂ ਪੱਛੀਆਂ ਵਰਗੀ ਹੁੰਦੀ ਹੈ, ਜਿਸ ਵਿਚੋਂ ਹਾਕਮਾਂ ਨੇ ਰਸ ਕਸ਼ੀਦ ਲਿਆ ਹੁੰਦਾ ਹੈ। ਹਰਮੀਤ ਇਸ ਅਹਿਸਾਸ ਨੂੰ ਪੇਸ਼ ਕਰਦਾ ਹੈ:-

*ਸ਼ਬਦ ਦਾਸ ਹਨ ਮੇਰੇ*
*ਇਹ ਮੇਰੇ ਅਭਿਆਸ ਦਾ ਸਿੱਟਾ ਹੈ*
*ਕਿਰਨ-ਮ-ਕਿਰਨੀ*
*ਬਹਿ ਜਾਂਦੇ ਨੇ ਸਫ਼ਿਆਂ ਉੱਤੇ*
*ਮੇਰੀ ਉਂਗਲ ਦੇ ਇਸ਼ਾਰਿਆਂ 'ਤੇ ਨੱਚਦੇ*
*ਮੇਰੇ ਹੱਥ ਫੜੀ ਡੋਰ ਦੇ ਗ਼ੁਲਾਮ*
*ਕਵਿਤਾ*
*ਸ਼ਬਦ ਦਰ ਸ਼ਬਦ*
*ਜੁੜਦੀ ਹੈ*
*ਬਣਦੀ ਹੈ*
*ਕਰਤਾਰੀ ਛਿਣਾਂ ਦੀ ਲੋੜ ਨਾ ਮੈਨੂੰ*

................

*ਸ਼ੀਸ਼ੇ ਸਾਹਵੇਂ ਐਪਰ*

*ਜਦ ਕਦੀ ਵੀ ਜਾਵਾਂ*
*ਆਪਣੀਆਂ ਨਜ਼ਰਾਂ ਨਾਲ*
*ਜਦ ਨਜ਼ਰ ਮਿਲਾਵਾਂ*
*ਆਪਣੇ ਆਪ ਤੋਂ ਫਿਰ ਬੜਾ ਘਬਰਾਵਾਂ*
*ਯਾਦ ਆਵਣ*
*ਉਸ ਫੱਕਰ ਯਾਰ ਦੇ ਬੋਲ*
*"ਕਵਿਤਾ*
*ਫ਼ਕੀਰਾਂ*
*ਬਾਗੀਆਂ ਦੇ*
*ਵਿਹੜੇ ਦੀ ਬਾਂਦੀ ਹੁੰਦੀ ਏ"*
*ਮੈਂ ਫ਼ਕੀਰ ਨਾ ਬਾਗੀ*
*ਸਿਰਫ਼ ਕਵੀ ਹਾਂ*
*ਸ਼ਾਂਤ ਸਹਿਜ*
*ਫਿਰ ਵੀ ਅੱਜ ਕਲ੍ਹ*
*ਲਿਖ ਰਿਹਾ ਹਾਂ ਬਹੁਤ ਨਜ਼ਮਾਂ*

ਹਰਮੀਤ ਵਿਦਿਆਰਥੀ ਦੀ ਕਵਿਤਾ 'ਘਰ' ਅਤੇ 'ਘਰ ਘੁਣ ਨਹੀਂ ਹੁੰਦੇ' ਕਵੀ ਦੇ ਰੁਕੇ ਹੋਣ ਦਾ ਕਾਰਨ ਪੇਸ਼ ਕਰਦੀਆਂ ਹਨ। ਬੰਦੇ ਨੂੰ ਸਿਸਟਮੀ ਵਿਚਾਰਧਾਰਾ ਦਾ ਘੁਣ/ਸਿਉਂਕ ਕਿਹੜੀ ਜ਼ਮੀਨ ਨਾਲ ਜੁੜ ਕੇ ਲਗਦੇ ਹਨ? ਬੰਦੇ ਦੀ ਚੇਤਨਾ ਨੂੰ ਅੰਦਰੋਂ ਖੋਖਲਾ ਕਰ ਦੇਣ ਵਾਲੇ ਸਿਸਟਮੀ ਘੁਣ ਦੀ ਬੁਨਿਆਦ ਘਰ ਹੈ, ਪਰ ਹਰਮੀਤ ਦੀ ਚੇਤਨਾ ਉਨ੍ਹਾਂ ਚਿੰਤਕਾਂ ਦੇ ਵਿਚਾਰਾਂ ਨੂੰ ਰੱਦ ਕਰ ਦਿੰਦੀ ਹੈ, ਜੋ ਘਰ ਨੂੰ 'ਘੁਣ' ਆਖਦੇ ਹਨ। ਉਸ ਲਈ 'ਘਰ' ਬੰਦੇ ਨੂੰ ਪਿਆਰਨ, ਦੁਲਾਰਨ, ਸ਼ਿਸ਼ਕਾਰਨ ਦਾ ਸੁਹਾਵਣਾ ਮੰਡਪ ਹੈ। ਉਹ ਭਾਵੇਂ ਆਪਣੀ ਕਵਿਤਾ ਵਿਚ ਘਰ ਤੋਂ ਤ੍ਰਹਿੰਦਾ ਵੀ ਹੈ, ਪਰ ਇਸ 'ਪੱਕੀ' ਠਾਹਰ ਨਾਲ ਇਕਮਿਕ ਅਤੇ ਆਨੰਦਵਿਭੋਰ ਹੋਣ ਦੇ ਦ੍ਰਿਸ਼ ਵੀ ਸਾਕਸ਼ਾਤ ਪੇਸ਼ ਕਰਦਾ ਹੈ।

ਕਵੀ ਦਾ ਪ੍ਰਤੀਰੋਧੀ ਆਰੰਭ ਇਸੇ ਘਰ ਵਿਚੋਂ ਕਾਵਿ ਗ੍ਰਹਿਣ ਕਰਦਾ ਹੈ, ਜਿੱਥੇ ਉਹ ਇਸ ਨੂੰ ਰੱਦ ਕਰਦਿਆਂ 'ਆਪਣੇ ਖ਼ਿਲਾਫ਼' ਉਸ ਚੇਤਨਾ ਨਾਲ ਹੋ ਤੁਰਦਾ ਹੈ, ਜੋ ਉਸ ਦੇ ਹੋਣ ਵਿਚ ਰੁਕਾਵਟ ਹੈ। ਇੱਥੇ ਹੀ ਉਸ ਨੂੰ ਹੋਣ ਦੇ ਵਿਚਾਰਾਂ ਦਾ 'ਸਮੁੰਦਰ ਬੁਲਾਵਾ' ਦਿੰਦਾ ਹੈ। ਉਹ 'ਹੋਣ' ਦੇ ਵਿਚਾਰਾਂ ਵਾਲੇ ਸਮੁੰਦਰ ਵਿਚ ਵੀ ਜਦੋਂ 'ਗਲੋਬੀ ਦੈਂਤ' ਦੀ ਆਦਮ ਬੋਅ ਵਾਲੀ ਦਹਾੜ ਮਹਿਸੂਸ ਕਰਦਾ ਹੈ ਤਾਂ

ਉਸ ਨੂੰ ਆਪਣੇ ਥੱਕ ਚੁੱਕੇ ਹੋਣ/ਅੱਕ ਚੁੱਕੇ ਹੋਣ ਕਾਰਨ, ਕਿਤੇ ਸ਼ਰਨ ਲੈਣ ਦਾ ਅਹਿਸਾਸ ਪੈਦਾ ਹੁੰਦਾ ਹੈ। ਸ਼ਰਨ ਵਾਸਤੇ, ਉਹ ਉਸੇ ਘਰ ਦੀ ਗੋਦ ਦੀ ਤੜਪ 'ਚ ਵਾਪਸ ਪਰਤਦਾ ਹੈ, ਜਿਸ ਦੀ ਸ਼ਰਨ 'ਚੋਂ ਉਹ 'ਆਪਣੇ ਖ਼ਿਲਾਫ਼' ਹੋ ਤੁਰਿਆ ਸੀ। ਜਿਸ ਵੇਲੇ 'ਗਲੋਬੀ ਛਤਰਛਾਇਆ' 'ਚ 'ਘਰ' ਅਤੇ 'ਸਮੁੰਦਰ' ਇਕਮਿਕ ਹੋ ਚੁੱਕੇ ਹਨ ਅਤੇ ਰਿਸ਼ਤੇ ਸਮਕਾਲੀ ਸਿਰਜਕ ਸਵੈ ਦੀ ਪਛਾਣ ਨੂੰ ਲੱਭਦਿਆਂ ਗਲੋਬੀ ਬੈੱਡਰੂਮ 'ਚੋਂ ਘਰ ਦੇ ਨਕਸ਼ ਤਲਾਸ਼ ਚੁੱਕੇ ਹਨ।

ਹਰਮੀਤ ਕਾਵਿ 'ਹੋਣ' ਅਤੇ 'ਗੌਲ ਹੋਣ' ਦੇ ਦਵੰਦ ਦੀ ਵਿਰੋਧਾਭਾਸੀ ਸਥਿਤੀ 'ਚ ਘਿਰਿਆ ਹੋਇਆ ਹੈ। ਕਵੀ ਹੋਣ ਦੇ ਕੋਣ ਨੂੰ ਗੋਲ ਕਰਨ ਵਾਲੀ ਮਸ਼ੀਨ 'ਘਰ' ਨੂੰ ਵਰਤਮਾਨ ਯੁੱਗ ਵਿਚ ਅੰਤਾਂ ਦੀ ਮੋਹ ਭਿੱਜੀ ਨਜ਼ਰ ਨਾਲ ਤੱਕਦਾ ਹੈ, ਜਿਸ ਨੇ ਕਦੇ ਉਸ ਦੇ ਜ਼ਿਹਨ 'ਚ 'ਹੋਣ' ਦੇ 'ਕੋਣ' ਪੈਦਾ ਕੀਤੇ ਸਨ। ਵਰਤਮਾਨ 'ਚ ਜਦੋਂ ਵਕਤ ਦਾ 'ਢੋਰਾ' ਛੋਲਿਆਂ ਅੰਦਰਲੀ ਉਪਜਾਊ ਗਿਰੀ ਨਿਗਲ ਚੁੱਕਾ ਹੈ, ਤਦ ਘਰ ਦੇ 'ਘੁਣ' ਹੋਣ ਦਾ ਆਭਾਸ ਵੀ ਕਵੀ ਦੇ ਅੱਖੋਂ ਉਹਲੇ ਹੋ ਗਿਆ ਹੈ। 'ਘੁਣ' ਕਵੀ ਲਈ ਪਿਆਰਨ, ਦੁਲਾਰਨ ਦਾ ਸੁਹਾਵਣਾ ਸਫ਼ਰ ਹੈ। ਬਾਹੂ ਸ਼ਾਇਦ ਸਹੀ ਸਮੇਂ 'ਚ ਗ਼ਲਤ ਕਹਿ ਰਿਹਾ ਸੀ ('ਅੱਧੀ ਲਾਹਨਤ ਦੁਨੀਆਂ ਤਾਈਂ ਤੇ ਸਾਰੀ ਦੁਨੀਆਂਦਾਰਾਂ ਹੂ' ਜਾਂ 'ਜਿਨ੍ਹਾਂ ਦੁਨੀਆਂ ਛੱਡੀ ਬਾਹੂ ਕੰਧੀਂ ਚੜ੍ਹ ਖਲੋਂਦੇ ਹੂ') ਜਾਂ ਸ਼ਾਇਦ! ਵਿਦਿਆਰਥੀ ਦੀ ਕਾਵਿ ਯਾਤਰਾ ਗ਼ਲਤ ਸਮੇਂ 'ਚ ਸਹੀ ਦੀ ਪਛਾਣ ਕਰ ਰਹੀ ਹੈ:-

*ਸਫ਼ਰ 'ਚ ਕਈ ਵਾਰ ਬੰਦਾ*
*ਥੱਕ ਜਾਂਦਾ ਹੈ*
*ਅੱਕ ਜਾਂਦਾ ਹੈ*
*ਅੱਕਿਆਂ-ਥੱਕਿਆਂ ਨੂੰ ਘਰ ਪਨਾਹ ਦਿੰਦਾ ਹੈ*
*ਪਿਆਰਦਾ ਹੈ*
*ਦੁਲਾਰਦਾ ਹੈ*
*ਤੇ ਕਦੇ-ਕਦੇ ਸ਼ਿਸ਼ਕਾਰਦਾ ਵੀ*
*ਪਸੀਨੇ ਨਾਲ ਤਰ ਮੱਥੇ ਨੂੰ ਸਹਿਲਾਉਂਦਾ ਹੈ ਘਰ*
*ਘਰ ਸਦਾ ਘੁਣ ਨਹੀਂ ਹੁੰਦਾ...*

ਘਰ ਮੁੱਢ ਤੋਂ ਹੀ ਅਤੇ ਖ਼ਾਸ ਕਰਕੇ ਉੱਤਰ-ਆਧੁਨਿਕ ਸਥਿਤੀ 'ਚ ਮਨੁੱਖ ਦੀ ਸੰਵੇਦਨਾ ਅਤੇ ਉਸ ਦੀ ਹੋਂਦ ਦਾ ਦੁਸ਼ਮਣ ਹੈ, ਕਿਉਂਕਿ ਇਹ ਦੋਵੇਂ ਸਥਿਤੀਆਂ ਸਿਸਟਮੀ ਘਰ ਨੂੰ ਵਾਰਾ ਨਹੀਂ ਖਾਂਦੀਆਂ। ਪਹਿਲਾਂ ਵਾਲੀ ਸਥਿਤੀ ਦੇ ਚਿੰਤਕਾਂ ਕੋਲ

ਇਕ ਰਾਹ ਸੀ ਕਿ ਉਹ ਆਪਣੀ ਸੰਵੇਦਨਾ ਅਤੇ ਹੋਂਦ ਨੂੰ ਬਚਾਉਣ ਲਈ ਘਰ ਨੂੰ ਰੱਦ ਕਰਦਿਆਂ ਇਸ ਸਿਸਟਮ ਤੋਂ ਬਾਹਰ ਹੋ ਜਾਂਦੇ, ਜਿਵੇਂ ਫ਼ਕੀਰਾਂ/ਚਿੰਤਕਾਂ, ਸੰਨਿਆਸੀਆਂ ਨੇ ਕੀਤਾ। ਸਿਸਟਮੀ ਘਰ ਉਨ੍ਹਾਂ ਦੀ ਇਸ ਬਗ਼ਾਵਤ ਦਾ ਵਿਰੋਧੀ ਹੁੰਦਾ, ਪਰ ਉਨ੍ਹਾਂ ਅੰਦਰ ਆਪਣੇ ਵਿਚਾਰਾਂ ਪ੍ਰਤੀ ਏਨਾ ਦ੍ਰਿੜ੍ਹ ਵਿਸ਼ਵਾਸ ਹੁੰਦਾ ਕਿ ਉਹ ਆਪਣੇ ਸਭ ਸਮਾਜਿਕ ਰੁਤਬੇ ਰੱਦ ਕਰਕੇ ਫ਼ਕੀਰ/ਸੰਨਿਆਸੀ ਦੇ ਪੱਧਰ ਨਾਲ ਇਕਮਿਕ ਹੋ ਜਾਂਦੇ, ਮਗਰ ਅੱਜ ਘਰ ਵਿਚ ਮਨੁੱਖ ਦੀ ਸੰਵੇਦਨਾ ਅਤੇ ਹੋਂਦ ਨੂੰ ਲੱਗੇ 'ਘੁਣ' ਦਾ ਅਹਿਸਾਸ ਹੀ ਚੇਤਨਾ 'ਚੋਂ ਖੁਰ ਗਿਆ ਹੈ ਤਾਂ ਕਵੀ Confess ਕਿਸ ਆਈਨੇ ਦੇ ਸਾਹਮਣੇ ਖੜ੍ਹ ਕੇ ਕਰੇਗਾ, ਸਿਸਟਮੀ ਸੁਰਾਲ ਦੀ ਜਕੜਨ ਵਾਲੀ ਪੀੜ੍ਹ ਦਾ ਅਹਿਸਾਸ ਹੀ ਤਾਂ 'ਭਗੌੜੇ' ਹੋਣ ਦਾ 'ਇਕਬਾਲੀਆ ਬਿਆਨ' ਹੁੰਦਾ ਹੈ।

ਪਰ ਹਰਮੀਤ ਅਤੀਤ ਦੇ ਨਾਇਕਾਂ ਦੇ ਸ਼ੀਸ਼ੇ ਸਾਹਮਣੇ ਖੜ੍ਹ ਕੇ ਆਪਣੇ ਆਪ ਨੂੰ ਨੰਗਿਆਂ ਕਰਨ ਦੀ ਜੁਅਰਤ ਰੱਖਦਾ ਹੈ। ਕਵਿਤਾ ਜਾਂ ਕੋਈ ਵੀ ਰਚਨਾ ਆਪਣੇ ਸਮੁੰਦਰ 'ਚੋਂ ਆਪਣੇ ਹੀ ਸ਼ੀਸ਼ੇ ਸਾਹਵੇਂ ਨੰਗੇ ਹੋਣ ਦੀ ਜੁਅਰਤ ਪੈਦਾ ਕਰਦੀ ਹੈ ਤਾਂ ਸਿਰਜਕ ਦਾ ਇਹ 'ਇਕਬਾਲੀਆ ਬਿਆਨ' ਉਸ ਦੀ ਰੂਹ ਨੂੰ ਕੱਜਦਾ ਸਮਾਜਿਕ ਤੰਤਰ ਨੂੰ ਨੰਗਾ ਕਰ ਦਿੰਦਾ ਹੈ, ਉਸ ਦੇ 'ਗੁਨਾਹ' ਉਸ ਦੇ ਆਪਣੇ ਨਹੀਂ ਸਗੋਂ ਸਮਾਜ-ਆਰਥਿਕ ਸਥਿਤੀਆਂ ਦੀ ਗ੍ਰਿਫ਼ਤ 'ਚ ਉਸ ਦੀ ਹੋਣੀ ਦਾ ਸਿੱਟਾ ਹੁੰਦੇ ਹਨ। ਇਸ ਲਈ ਇਕਬਾਲ ਸਮਾਜ ਉਪਰਲੇ ਕੂੜ ਦੀ ਚਾਦਰ 'ਚ ਮਘੋਰਾ ਕਰਕੇ, ਉਸ ਅੰਦਰਲੇ ਕੂੜ ਦੇ ਸੱਚ ਨੂੰ ਉਜਾਗਰ ਕਰਨ ਦਾ ਮੰਤਰ ਹੁੰਦੇ ਹਨ। ਹਰਮੀਤ ਵਿਦਿਆਰਥੀ ਨੇ ਆਪਣੇ ਸਮਕਾਲ ਵਿਚ ਬਾਕੀ ਕਵਿਤਾ ਤੋਂ ਵੱਖਰੀ ਕਵਿਤਾ ਨੂੰ ਰਚਿਆ ਹੈ। ਵੱਖਰੀ ਦਾ ਅਰਥ ਇਥੇ ਇਹ ਹੈ ਕਿ ਅੱਜ ਦਾ ਸਿਰਜਕ ਜਿਨ੍ਹਾਂ ਪਾਖੰਡਾਂ ਨੂੰ ਸਿਰਜਣਾ ਕਹਿੰਦਾ ਹੈ, ਹਰਮੀਤ ਵਲੋਂ ਉਨ੍ਹਾਂ ਵਿਚਾਰਾਂ ਦੀ ਗ੍ਰਿਫ਼ਤ ਨੂੰ ਨੰਗਿਆਂ ਕਰ ਦੇਣ ਦਾ ਇਕਬਾਲੀਆ ਬਿਆਨ ਉਸ ਦੀ ਕਵਿਤਾ ਦੇ ਵੱਖਰੇ ਹੋਣ ਦਾ ਕਾਵਿ ਰੰਗ ਹੈ, ਜੋ ਮਟਮੈਲੇ ਰੰਗਾਂ 'ਚੋਂ ਗੂੜ੍ਹਾ ਹੋ ਕੇ ਦਿਸਣ ਲੱਗਦਾ ਹੈ।

*20 ਦਸੰਬਰ 2013* -ਤਸਕੀਨ

## ਰਾਤੀਂ ਹੁੰਮਸ ਬਹੁਤ ਸੀ

ਰਾਤੀਂ ਹੁੰਮਸ ਬਹੁਤ ਸੀ
ਰਤਾ ਚੈਨ ਨਾ ਆਇਆ
ਨੀਂਦਰ ਇਕ ਪਲ ਵੀ ਨਾ
ਬੈਠੀ ਆਣ ਸਿਰਹਾਣੇ

ਸੁੱਤ-ਉਨੀਂਦਾ ਸੁਬਹ ਉੱਠਿਆ
ਕਾਲ ਬੈੱਲ ਦੀ ਕੋਇਲ ਕੂਕੀ
ਮੈਂ ਸੋਚਿਆ ਅਖ਼ਬਾਰ ਹੋਏਗਾ
ਬੂਹਾ ਖੋਲ੍ਹ ਕੇ
ਬਾਹਰ ਤੱਕਿਆ
ਦੁੱਲਾ ਭੱਟੀ ਬਾਹਰ ਖੜ੍ਹਾ ਸੀ
ਮੈਂ ਉਸ ਨੂੰ ਅੰਦਰ ਲੈ ਆਇਆ
ਇਟੈਲੀਅਨ ਟਾਈਲਾਂ ਵਾਲੇ
ਡਰਾਇੰਗ ਰੂਮ ਵਿਚ ਆਣ ਬਿਠਾਇਆ

ਬਹਿੰਦੇ ਸਾਰ ਹੀ
ਦੁੱਲਾ ਆਖਣ ਲੱਗਾ-
"ਕੰਨ ਤੇਰੇ ਕੀ ਬੋਲ਼ੇ ਹੋ ਗਏ
ਅੱਖਾਂ ਦੇ ਵਿਚ
ਉਤਰ ਆਇਆ ਹੈ ਮੋਤੀਆ?
ਤੈਨੂੰ ਕੁਝ ਵੀ ਨਜ਼ਰ ਨਾ ਆਂਵਦਾ
ਤੈਨੂੰ ਕੁਝ ਦਿਖਾਈ ਨਾ ਦਿੰਦਾ
ਨਿੱਕੇ-ਨਿੱਕੇ ਕੰਕਰ ਪੱਥਰ

ਏਧਰ-ਉਧਰ ਉੱਡ ਰਹੇ ਨੇ
ਜੇਕਰ ਇਕੱਠੇ ਹੋ ਗਏ
ਢਾਹ ਦੇਵਣਗੇ
ਦਿੱਲੀ ਵਾਲੇ ਕਿੰਗਰੇ"

ਮੈਂ ਇਟੈਲੀਅਨ ਟਾਈਲਾਂ ਵਿਚੋਂ
ਆਪਣੇ ਨਕਸ਼ ਵੇਖਦਾ ਹਾਂ
ਚਿਹਰਾ ਆਪਣਾ ਸਾਫ਼
ਨਜ਼ਰ ਆਉਂਦਾ ਹੈ ਮੈਨੂੰ
ਸਾਫ਼ ਅਤੇ ਸਪਾਟ

ਚਾਹ ਕਹਿਣ ਬਹਾਨੇ ਉੱਠ ਕੇ
ਕੰਪਿਊਟਰ 'ਤੇ ਜਾ ਬਹਿੰਦਾ ਹਾਂ
ਕੀ-ਬੋਰਡ ਤੇ ਮਾਊਸ ਦੀ ਮਦਦ ਨਾਲ
ਦਿੱਲੀ ਵਾਲੇ ਕਿੰਗਰੇ ਢਾਹੁਣ ਦੇ
ਆਹਰ 'ਚ ਜੁੱਟ ਜਾਂਦਾ ਹਾਂ
ਦੁੱਲਾ ਭੱਟੀ
ਮੇਰੇ ਕੋਲ ਆਣ ਕੇ
ਫਿਰ ਏਦਾਂ ਬੋਲਦੈ-
"ਕਿਉਂ ਅੱਖਾਂ 'ਤੇ ਪੱਟੀ
ਬੰਨ੍ਹ ਲਈ
ਕਿਉਂ ਸੁਣ ਕੇ ਅਣਸੁਣੀਆਂ ਕਰਦੈਂ
ਤੈਨੂੰ ਨਜ਼ਰ ਨਾ ਆਂਵਦਾ
ਖੇਤਾਂ ਦੇ ਵਿਚ ਉੱਗ ਰਹੀਆਂ ਨੇ ਖ਼ੁਦਕੁਸ਼ੀਆਂ
ਭੁੱਖੇ ਮਰ ਰਹੇ ਨੇ ਲੇਬਰ ਚੌਕ
ਤੂੰ ਇਹ ਕੀ ਕਰ ਰਿਹੈਂ?"

ਬੋਲ ਤੇਜ਼ਾਬੀ ਉਸ ਦੇ
ਵਰਮੇ ਵਾਂਗੂੰ ਮੇਰੇ ਅੰਦਰ ਲਹਿ ਰਹੇ

ਮੈਂ ਕਾਨਸ ਤੋਂ ਚੁੱਕਦਾ ਹਾਂ
ਲੈਨਿਨ ਦੀ ਸੂਹੀ ਜਿਲਦ ਵਾਲੀ ਕਿਤਾਬ
"ਵੇਖ ਲੈਨਿਨ ਨੇ
ਕਿਸਾਨਾਂ ਬਾਰੇ ਆਹ ਕਿਹਾ
ਮਜ਼ਦੂਰਾਂ ਬਾਰੇ ਅਹੁ ਕਿਹਾ"

ਖੋਹ ਲੈਂਦਾ ਹੈ ਮੇਰੇ ਹੱਥੋਂ
ਲਾਲ ਜਿਲਦ ਵਾਲੀ ਕਿਤਾਬ
ਕਹਿਰੀ ਅੱਖ ਨਾਲ ਮੇਰੇ ਵੱਲ ਨੂੰ ਵੇਖਦਾ
ਏਦਾਂ ਬੋਲਦਾ-
"ਕਿਤਾਬਾਂ ਦਾ ਅਰਥ ਤਾਂ
ਸਫ਼ਰ ਦੇ ਨਾਲ ਹੀ ਹੁੰਦੈ
ਸਫ਼ਰ ਨਾਲੋਂ ਟੁੱਟ ਜਾਏ ਤਾਂ
ਬੇ-ਅਰਥ ਹੋ ਜਾਂਦੀ ਹੈ ਕਿਤਾਬ
ਚੱਲ ਸਫ਼ਰ 'ਤੇ ਚੱਲੀਏ
ਏਧਰ-ਉਧਰ ਜੋ ਕੁਝ ਹੋ ਰਿਹਾ
ਉਸ ਨੂੰ ਸਮਝੀਏ
ਲੜ ਰਹੇ ਜੋ
ਉਨ੍ਹਾਂ ਨੂੰ ਹੁੰਗਾਰਾ ਦੇਈਏ
ਕੁਝ ਤਾਂ ਐਸਾ ਆਖੀਏ
ਜੱਗ ਨੂੰ ਹੁਲਾਰਾ ਦੇਈਏ"

ਮੈਂ ਇਕ ਪਲ ਰੁਕਦਾ ਹਾਂ

ਸੋਚਦਾ ਹਾਂ
ਤੇ ਏਦਾਂ ਬੋਲਦਾ ਹਾਂ

"ਅੱਜ ਨੇ ਬਹੁਤ ਰੁਝੇਵੇਂ
ਘਰ ਦੇ ਕੁਝ ਕੰਮ ਜ਼ਰੂਰੀ ਨੇ
ਬਾਸ ਦਾ ਸੁਨੇਹਾ ਆਇਐ
ਮਿਲਣੈ ਉਸ ਨੂੰ ਵੀ
ਉਡੀਕ ਰਹੇ ਨੇ ਦੋਸਤ ਮੈਨੂੰ
ਛੇਤੀ ਆਪਾਂ ਫੇਰ ਮਿਲਾਂਗੇ
ਅੱਜ ਤੂੰ ਮੈਨੂੰ ਜਾਣ ਦੇ"

ਐਨਾ ਆਖ ਕੇ
ਅੱਖ ਚੁਰਾ ਕੇ
ਉਹਦੇ ਨਾਲੋਂ ਪਹਿਲਾਂ
ਘਰੋਂ ਨਿਕਲ ਤੁਰਦਾ ਹਾਂ
ਕਿਤੇ ਘੜੀ ਪਲ
ਅੱਖ ਲਾਵਣ ਲਈ

ਰਾਤੀਂ ਹੁੰਮਸ ਬਹੁਤ ਸੀ
ਰਤਾ ਚੈਨ ਨਾ ਆਇਆ
ਨੀਂਦਰ ਇਕ ਪਲ ਵੀ ਨਾ
ਬੈਠੀ ਆਣ ਸਿਰਹਾਣੇ
♦

## ਮੈਂ ਤਲਾਸ਼ ਵਿਚ ਹਾਂ

ਸਾਜ਼ ਡਿੱਗਾ
ਤਾਰ ਟੁੱਟੀ
ਸਾਜ਼ ਹੋ ਗਿਆ ਬੇਕਾਰ
ਵਾਰ-ਵਾਰ ਬਦਲਦਾ ਹਾਂ ਤਾਰ
ਸੁਰ ਪਰ ਪਹਿਲਾਂ ਜਿਹੀ
ਮਿਲੀ ਨਾ ਇਕ ਵਾਰ

ਬਹੁਤ ਆਖਿਆ ਮੈਨੂੰ
ਮੇਰੇ ਹਮਦਰਦ ਮਿੱਤਰਾਂ
ਹੁਣ ਸਾਜ਼ ਇਹ ਬੇਕਾਰ
ਸੁੱਟ ਬੂਹਿਓਂ ਬਾਹਰ
ਹੋਰ ਸਾਜ਼ ਵਣਜ ਲੈ

ਬਾਹਰ ਲੱਗਾ ਹੈ ਬਾਜ਼ਾਰ

ਮੈਂ ਇਸ ਸਾਜ਼ ਨੂੰ
ਡਾਹਢਾ ਮੋਹ ਕਰਦਾ ਹਾਂ
ਇਸੇ ਸਾਜ਼ ਦੀਆਂ
ਤਾਰਾਂ 'ਚੋਂ ਨਿਕਲੀਆਂ ਸੁਰਾਂ ਦੇ
ਅੰਗ-ਸੰਗ
ਹੋਇਆ ਹਾਂ ਜਵਾਨ

ਆਪਣੀਆਂ ਮੁਹੱਬਤਾਂ ਨੂੰ
ਇਸੇ ਸਾਜ਼ ਦੇ ਗਜ਼ ਨਾਲ
ਮਾਪਦਾ ਰਿਹਾ ਹਾਂ

ਇਹੀ ਸਾਜ਼ ਸੁਰ ਕਰਦਾ ਰਿਹਾ ਹੈ
ਮੇਰੀਆਂ ਦੋਸਤੀਆਂ ਨੂੰ

ਆਪਣੀਆਂ ਦੁਸ਼ਮਣੀਆਂ ਸਾਹਵੇਂ
ਮੈਂ ਇਸੇ ਸਾਜ਼ ਨਾਲ
ਤਾਂਡਵ ਨੱਚਿਆ ਹਾਂ

ਹੁਣ ਮੈਂ ਸੁੱਟ ਦਿਆਂ
ਇਹ ਸਾਜ਼

ਤੇ ਮੰਡੀ ਵਿਚੋਂ
ਵਣਜ ਲਵਾਂ ਹੋਰ ਸਾਜ਼
ਨਹੀਂ, ਅਜਿਹਾ ਹੋ ਨਹੀਂ ਸਕਦਾ

ਮੁੱਦਤਾਂ ਤੋਂ ਜਿਸ ਤਰ੍ਹਾਂ ਦਾ ਹਾਂ
ਖ਼ੁਦ ਨੂੰ ਬਦਲ ਲੈਣਾ
ਹੁਣ ਮੇਰੇ ਵੀ ਵੱਸ ਵਿਚ ਨਹੀਂ

ਨਵੇਂ ਸਾਜ਼ ਦੀ ਭਾਲ
ਹੁਣ ਮੈਥੋਂ ਹੋ ਨਹੀਂ ਸਕਣੀ
ਪਰ ਮੈਂ ਲੱਭ ਰਿਹਾ ਹਾਂ
ਉਹ ਤਾਰ
ਜੋ ਮੇਰੇ ਸਾਜ਼ ਨਾਲ
ਹੋ ਸਕੇ ਇਕ ਸੁਰ
ਦਰਦ ਮੇਰੇ ਨੂੰ ਵੰਡ ਸਕੇ
ਖ਼ੁਸ਼ੀਆਂ ਜਿਸ ਦੀ ਤਾਲ ਨਾਲ
ਹੋ ਜਾਣ ਦੋਬਾਲਾ
ਮੈਂ ਆਪਣੀਆਂ ਸਾਰੀਆਂ ਮੁਹੱਬਤਾਂ
                    ਦੋਸਤੀਆਂ
                    ਦੁਸ਼ਮਣੀਆਂ
ਉਸੇ ਸਾਜ਼ ਨਾਲ
ਉਸੇ ਤਰ੍ਹਾਂ ਮਾਣ ਸਕਾਂ
ਮੈਂ ਨਵੇਂ ਸਾਜ਼ ਦੀ ਨਹੀਂ
ਨਵੀਂ ਤਾਰ ਦੀ ਤਲਾਸ਼ 'ਚ ਹਾਂ।
♦

# ਅੱਜ ਕਲ੍ਹ

ਅੱਜ ਕਲ੍ਹ
ਮੈਂ ਲਿਖ ਰਿਹਾ ਹਾਂ
ਬਹੁਤ ਨਜ਼ਮਾਂ
ਨਜ਼ਮਾਂ...
ਜਿਨ੍ਹਾਂ 'ਚੋਂ ਨਜ਼ਰ ਆਉਂਦੇ ਨੇ
ਫੁੱਲ
ਰੁੱਖ
ਪਹਾੜ
ਖ਼ਾਬ
ਇਨ੍ਹਾਂ ਨਜ਼ਮਾਂ 'ਚ
ਕਿਤਾਬਾਂ ਨੇ
ਰੁਮਕਦੀ ਹਵਾ ਹੈ
ਸੁਰਮਈ ਸੜਕਾਂ ਨੇ
ਮਨ ਦਾ ਰੁਮਾਂਟਿਕ ਮੌਸਮ ਹੈ

ਅੱਜ ਕਲ੍ਹ
ਮੈਂ ਲਿਖ ਰਿਹਾ ਹਾਂ
ਬਹੁਤ ਨਜ਼ਮਾਂ
... ... ...
... ... ...
ਕੰਮ ਤੋਂ ਘਰ ਪਰਤਦਾ ਹਾਂ
ਦੋ ਘੜੀ ਦਾ ਆਰਾਮ
ਤੇ ਜਾ ਬਹਿੰਦਾ ਹਾਂ

ਕਿਤਾਬਾਂ
ਕੰਪਿਊਟਰ
ਨੋਟ-ਪੈਡ
ਤੇ ਫ਼ੋਨ ਨਾਲ ਸ਼ਿੰਗਾਰੀ
ਵੱਡੀ ਸਟੱਡੀ ਟੇਬਲ 'ਤੇ

ਸ਼ਬਦ ਦਾਸ ਹਨ ਮੇਰੇ
ਇਹ ਮੇਰੇ ਅਭਿਆਸ ਦਾ ਸਿੱਟਾ ਹੈ
ਕਿਰਨ-ਮ-ਕਿਰਨੀ
ਬਹਿ ਜਾਂਦੇ ਨੇ ਸਫ਼ਿਆਂ ਉੱਤੇ
ਮੇਰੀ ਉਂਗਲ ਦੇ ਇਸ਼ਾਰਿਆਂ 'ਤੇ ਨੱਚਦੇ
ਮੇਰੇ ਹੱਥ ਫੜੀ ਡੋਰ ਦੇ ਗ਼ੁਲਾਮ
ਕਵਿਤਾ
ਸ਼ਬਦ ਦਰ ਸ਼ਬਦ
ਜੁੜਦੀ ਹੈ
ਬਣਦੀ ਹੈ
ਕਰਤਾਰੀ ਛਿਣਾਂ ਦੀ ਲੋੜ ਨਾ ਮੈਨੂੰ
ਖ਼ੂਬਸੂਰਤ ਕਾਗ਼ਜ਼ 'ਤੇ
ਕਵਿਤਾ ਦਾ ਪ੍ਰਿੰਟ ਆਊਟ
ਸੋਹਣੇ ਲਿਫ਼ਾਫ਼ੇ 'ਚ ਪੈ
ਕੋਰੀਅਰ ਹੋ ਜਾਂਦਾ ਹੈ ਪਲ ਵਿਚ

ਬਾਹਰੋਂ ਤੰਗ ਕਰੇ ਜੋ ਸ਼ੋਰ
ਕੰਨਾਂ ਦੇ ਵਿਚ ਰੂੰ ਭਰ ਲੈਂਨਾਂ ਹੋਰ
ਅੰਦਰਲੇ ਰੌਲੇ ਤੋਂ ਜੇ ਘਬਰਾਵਾਂ
ਇੰਟਰਨੈੱਟ ਨਾਲ ਜੀ ਪਰਚਾਵਾਂ

ਅਜਬ ਹੈ ਨਾ
ਨਾ ਬਾਹਰੀ ਸ਼ੋਰ ਸੰਗ ਰਿਸ਼ਤਾ
ਨਾ ਅੰਦਰਲੇ ਰੌਲੇ ਨਾਲ ਸੰਵਾਦ
ਅੱਚਵੀਂ
ਨਾ ਬੇਚੈਨੀ
ਖਿੱਝ
ਨਾ ਗੁੱਸਾ
ਕਵੀ ਹਾਂ ਫਿਰ ਵੀ
ਕਵੀ ਦਰਬਾਰਾਂ
ਸੈਮੀਨਾਰਾਂ ਦਾ ਸ਼ਿੰਗਾਰ
ਸੱਦਾ ਪੱਤਰ ਬੇਸ਼ੁਮਾਰ
ਵਾਹ ਵਾਹ
ਤਾੜੀਆਂ
ਸਨਮਾਨਾਂ
ਤਮਗਿਆਂ ਦੇ ਹਾਰ
ਕਵੀ ਹਾਂ ਮੈਂ
ਸ਼ਬਦਾਂ ਦਾ ਸ਼ਹਿਨਸ਼ਾਹ
ਸ਼ਬਦ ਮੇਰੇ ਗ਼ੁਲਾਮ
ਮੇਰੀ ਸ਼ੁਹਰਤ ਦੇ ਪਰ

ਸ਼ੀਸ਼ੇ ਸਾਹਵੇਂ
ਜਦ ਕਦੀ ਵੀ ਜਾਵਾਂ
ਆਪਣੀਆਂ ਨਜ਼ਰਾਂ ਨਾਲ
ਜਦ ਨਜ਼ਰ ਮਿਲਾਵਾਂ
ਆਪਣੇ ਆਪ ਤੋਂ ਫਿਰ ਬੜਾ ਘਬਰਾਵਾਂ

ਯਾਦ ਆਵਣ
ਉਸ ਫੱਕਰ ਯਾਰ ਦੇ ਬੋਲ
"ਕਵਿਤਾ
ਫ਼ਕੀਰਾਂ
ਬਾਗ਼ੀਆਂ ਦੇ
ਵਿਹੜੇ ਦੀ ਬਾਂਦੀ ਹੁੰਦੀ ਏ"

ਮੈਂ ਫ਼ਕੀਰ ਨਾ ਬਾਗ਼ੀ
ਸਿਰਫ਼ ਕਵੀ ਹਾਂ
ਸ਼ਾਂਤ ਸਹਿਜ

ਫਿਰ ਵੀ ਅੱਜ ਕਲ੍ਹ
ਲਿਖ ਰਿਹਾ ਹਾਂ ਬਹੁਤ ਨਜ਼ਮਾਂ
♦

# ਵਿਚ ਵਿਚਾਲੇ

ਅੱਗ ਦੇ ਭੰਬੂਕੇ ਵਾਂਗ ਮੱਚਣਾ
ਫਿਰ ਸ਼ਾਂਤ ਹੋ ਜਾਣਾ
ਜਿਉਣ ਦਾ ਇਹ ਢੰਗ
ਰੁਮਾਂਚਿਕ ਤਾਂ ਹੈ
ਪਰ ਸਹੀ ਮਾਇਨਿਆਂ 'ਚ
ਜਿਉਣ ਯੋਗ ਨਹੀਂ

ਉਂਝ ਅੱਗ ਦੇ ਭੰਬੂਕੇ ਵਾਂਗ ਮੱਚ ਕੇ
ਹੌਲੇ ਹੌਲੇ ਧੁਖ਼ਦੇ ਰਹਿਣਾ
ਇਹ ਵੀ ਕੋਈ
ਅੰਦਾਜ਼ ਨਹੀਂ

ਮੈਂ ਇਨ੍ਹਾਂ ਦੋਹਾਂ ਵਿਚਾਲੇ
ਰਾਹ ਲੱਭਦਾ
ਅਕਸਰ ਗੁਆਚ ਜਾਂਦਾ ਹਾਂ
ਧੂੰਏਂ ਵਾਂਗ
ਆਕਾਸ਼ ਦੀ ਵਿਸ਼ਾਲਤਾ ਅੰਦਰ

ਪਤਾ ਨਹੀਂ
ਸਹਿਜ ਹੋ ਬਲਣਾ
ਕਦ ਆਵੇਗਾ ਮੈਨੂੰ।

♦

## ਡਿਗਰੀ 360

ਵਰਤਮਾਨ ਦੇ ਸਫ਼ੇ 'ਤੇ
ਡਿੱਗੀ ਲਹੂ ਦੀ ਬੂੰਦ ਹਾਂ
ਜਾਂ ਆਪਣੀ ਹੀ
ਅੱਖ 'ਚੋਂ ਕਿਰਿਆ ਅੱਥਰੂ

ਮੈਂ ਜੋ ਨਿਰੰਤਰ ਸਫ਼ਰ 'ਤੇ ਸਾਂ
ਅਚਾਨਕ ਰੁਕ ਗਿਆ ਹਾਂ
"ਮੁੱਕ ਗਿਆ ਹੈ ਸਫ਼ਰ
ਜਾਂ ਥੱਕ ਗਿਆ ਹਾਂ ਮੈਂ?"
ਕਿੰਨਾ ਸਿੱਧਾ ਸੁਆਲ ਹੈ
ਸਮਝ ਮੇਰੀ ਪਰ
            ਭੂਲ
                        ਭੁਲਈਆ
                                    'ਚ ਗੁਆਚ ਗਈ ਹੈ
ਮੈਂ
ਸੁਫ਼ਨਿਆਂ ਦੀ ਦਰਗਾਹ 'ਤੇ

ਉਨੀਂਦੀ ਅੱਖ 'ਚੋਂ
ਅਣਵਗੇ ਹੰਝੂ ਦੀ
ਅਣਕਹੀ ਗਾਥਾ

ਮੈਂ ਆਪਣੇ ਅੰਦਰ ਚੱਲਦੇ
ਇਕੋ ਇਕ ਨਿਊਜ਼ ਚੈਨਲ ਦਾ
ਪਹਿਲਾ ਨਿਊਜ਼ ਰੀਡਰ ਹਾਂ
ਤੇ ਆਖ਼ਰੀ ਸਰੋਤਾ ਵੀ

ਅੰਦਰਲੇ ਇਕਲਾਪੇ ਦਾ
ਬਾਹਰਲੀ ਭੀੜ ਸੰਗ ਰਿਸ਼ਤਾ
ਮੈਂ
ਇਨ੍ਹਾਂ ਰਿਸ਼ਤਿਆਂ ਦੀ
ਸਮਭੁਜੀ ਤਿਕੋਣ ਬਣਾਉਂਦਾ
ਆਇਤ ਸਿਰਜਦਾ
ਰਿਸ਼ਤਿਆਂ ਦੇ ਇਨ੍ਹਾਂ ਕੋਣਾਂ ਨੂੰ
ਵਾਰ ਵਾਰ ਮਾਪਦਾ ਹਾਂ

ਕਿਤੇ ਕੋਣ ਛੋਟੇ ਵੱਡੇ ਹੋ ਜਾਂਦੇ ਹਨ
ਕਿਤੇ ਰੇਖਾਵਾਂ
ਇਕ ਦੂਜੇ ਨਾਲ
ਖਹਿਬੜਣ ਲੱਗ ਪੈਂਦੀਆਂ ਨੇ
ਅਜੀਬ ਰਾਹ ਨੇ
ਰੁਕ ਗਿਆ ਹਾਂ ਤਾਂ
ਪੈਰਾਂ ਦੇ ਛਾਲੇ

ਚਿਲੂੰ ਚਿਲੂੰ ਕਰਦੇ ਨੇ

ਤੁਰਨ ਲੱਗਦਾ ਹਾਂ
ਤਾਂ ਜ਼ਿਹਨ 'ਚ ਉੱਗ ਪੈਂਦਾ ਹੈ
'ਸੜਕ ਖ਼ਤਮ ਹੈ' ਦਾ ਬੋਰਡ

ਪੈਰਾਂ ਦੀਆਂ ਜ਼ੰਜ਼ੀਰਾਂ ਤੋੜਦਾ ਹਾਂ
ਤਾਂ ਜ਼ਿਹਨ ਕੈਦੀ ਹੋ ਜਾਂਦਾ ਹੈ

ਰੁੜ੍ਹੇ ਜਾਂਦੇ ਸੁਫ਼ਨਿਆਂ ਦਾ ਸੰਸਾਰ
ਮੈਨੂੰ ਹਾਕ ਮਾਰਦਾ ਹੈ
ਆਪਣੀ
ਗੁਆਚੀ ਖ਼ੁਸ਼ਬੋ ਨੂੰ ਲੱਭਦਾ ਮੈਂ

ਮੇਰੇ ਅੰਦਰੋਂ ਕੋਈ ਹੋਰ ਹੀ
ਮਹਿਕਦਾ
ਅੱਲਾਹ ਹੂ ਅੱਲਾਹ ਹੂ
ਦਾ ਨਾਦ ਗੂੰਜਦਾ ਹੈ

ਮੈਂ ਤਰਕ ਦੀ ਵਾੜ 'ਚ ਘਿਰਿਆ
ਮੁਹੱਬਤਾਂ ਦਾ ਜੰਗਲੀ ਗ਼ੁਲਾਬ

ਕਿਸੇ ਤਿਕੋਣ ਦਾ ਚੌਥਾ
ਕਿਸੇ ਆਇਤ ਦਾ ਪੰਜਵਾਂ ਕੋਣ

ਤੁਸੀਂ ਜੋ ਮਰਜ਼ੀ ਕਹੋ
ਮੈਂ ਗੋਲ ਦਾਇਰੇ ਦੇ
ਕੇਂਦਰ 'ਚ ਗੁਆਚਿਆ
360 ਡਿਗਰੀ ਦਾ ਕੋਣ

ਆਪਣੇ ਸਫ਼ਰ ਦਾ
ਇਤਿਹਾਸ ਫਰੋਲ ਰਿਹਾ ਹਾਂ ਮੈਂ

ਸਮਝ ਹੀ ਨਹੀਂ ਆਉਂਦੀ
ਸਫ਼ਰ ਮੁੱਕ ਗਿਆ ਹੈ
ਜਾਂ
ਥੱਕ ਗਿਆ ਹਾਂ ਮੈਂ?
♦

## ਘਰ ਘੁਣ ਨਹੀਂ ਹੁੰਦੇ

ਅੱਜ ਕਲ੍ਹ ਘਰ ਆਉਂਦਿਆਂ
ਮੈਂ ਕਿਸੇ ਖ਼ਤ ਬਾਰੇ ਨਹੀਂ ਪੁੱਛਦਾ
ਨਹੀਂ ਰਹੀ ਕੋਈ ਉਡੀਕ

ਨਹੀਂ ਕਰਦਾ ਦੋਸਤਾਂ ਨੂੰ
ਵਕਤ-ਬੇਵਕਤ ਫ਼ੋਨ
ਉਹ ਰੁੱਝੇ ਹੋਏ ਨੇ
ਆਪੋ ਆਪਣੇ ਕੰਮਾਂ ਕਾਰਾਂ ਵਿਚ
ਕਾਰ ਵਿਹਾਰਾਂ ਵਿਚ
ਘਰ ਆਉਂਦਿਆਂ ਮੈਂ
ਆਪਣੇ ਬੱਚਿਆਂ ਨਾਲ ਪਰਚ ਜਾਂਦਾ ਹਾਂ
ਮਾਂ ਨਾਲ ਕਰਦਾ ਹਾਂ
ਨਿੱਕੇ-ਨਿੱਕੇ ਦੁਖ-ਸੁਖ
ਘਰ ਦੇ ਬਿਰਧ ਆਸਰੇ ਦਾ
ਹਾਲ-ਚਾਲ ਪੁੱਛਦਾ ਹਾਂ
ਬੀਵੀ ਨਾਲ ਕਰਦਾਂ ਚੋਹਲ-ਮੋਹਲ
ਮਨ ਕਰੇ ਕੋਈ ਕਿਤਾਬ ਚੁੱਕ ਲੈਂਦਾ ਹਾਂ
ਤੇ ਗਰਮ ਚਾਹ ਦੀਆਂ ਚੁਸਕੀਆਂ ਨਾਲ
ਗੁਆਚ ਜਾਂਦਾ ਹਾਂ
ਕਿਸੇ ਹੋਰ ਦੁਨੀਆਂ 'ਚ
ਹਾਂ ਸੈੱਲ ਫ਼ੋਨ ਦਾ ਭੋਰਾ ਵਿਸਾਹ ਨਹੀਂ ਖਾਂਦਾ
ਕਿਸੇ ਨੰਬਰ ਵਿਸ਼ੇਸ਼ ਨੂੰ ਵੇਖ
ਖਿੜ ਉੱਠਦਾ ਹਾਂ

ਆਨੀਂ-ਬਹਾਨੀਂ ਬਾਹਰ ਵੱਲ ਭੱਜਦਾ ਹਾਂ
ਹੌਲ਼ੀ-ਹੌਲ਼ੀ ਬੋਲਦਾ
ਜਿਉਂ ਆਪਣੇ-ਆਪ ਨਾਲ
ਕਰ ਰਿਹਾ ਹੋਵਾਂ ਗੁਫ਼ਤਗੂ
ਮਿੱਤਰਾਂ ਨੂੰ ਵਿਹਲ ਮਿਲਦੀ ਹੈ ਜਦ
ਮੇਰੇ ਬਾਰੇ ਸੋਚਦੇ ਨੇ
ਤੇ ਚਿਣਿਆ ਗਿਆ ਘਰ ਦੀਆਂ ਨੀਹਾਂ 'ਚ...
ਦਾ ਫ਼ਤਵਾ ਸੁਣਾ
ਭਗੌੜਾ ਹੋਣ ਦਾ ਇਲਜ਼ਾਮ
ਮੇਰੇ ਮੱਥੇ ਧਰ
ਢਲਦੀਆਂ ਦੁਪਹਿਰਾਂ ਦੇ
ਸ਼ਾਮ ਨੂੰ ਬਦਲ ਜਾਣ ਉਡੀਕ ਹੋ ਜਾਂਦੇ ਨੇ
ਆਖਦੇ ਨੇ
ਘਰ ਘੁਣ ਹੁੰਦੇ ਨੇ
ਜੋ ਤੁਹਾਡੇ ਖ਼ਾਬਾਂ ਨੂੰ ਲੱਗਦੇ ਨੇ ਜਦ
ਹੌਲ਼ੀ-ਹੌਲ਼ੀ ਭੁਰਨ ਲੱਗਦਾ ਹੈ ਬੰਦਾ
"ਘਰ ਰਹਿੰਦਾ ਬੰਦਾ
ਸੋਫ਼ੇ ਦੀ ਗੱਦੀ
ਟੀ.ਵੀ. ਦਾ ਰਿਮੋਟ
ਬਿਸਤਰੇ ਦਾ ਸਿਰਹਾਣਾ
ਸ਼ੋਅ-ਕੇਸ 'ਚ ਸੱਜਿਆ
ਐਂਟੀਕ ਪੀਸ ਬਣ ਜਾਂਦਾ ਹੈ..."
ਤੇ ਅਗਲੇ ਹੀ ਪਲ ਖ਼ੁਦ
ਘਰਾਂ ਨੂੰ ਜਾਂਦੇ ਰਸਤੇ 'ਚ
ਤਬਦੀਲ ਹੋ ਜਾਂਦੇ ਨੇ

ਫ਼ਤਵੇ ਸੁਣਾਉਂਦੇ ਦੋਸਤ ਭੁੱਲ ਜਾਂਦੇ ਨੇ
ਸਫ਼ਰ 'ਚ ਕਈ ਵਾਰ ਬੰਦਾ
ਥੱਕ ਜਾਂਦਾ ਏ
ਅੱਕ ਜਾਂਦਾ ਏ
ਅੱਕਿਆਂ-ਥੱਕਿਆਂ ਨੂੰ ਘਰ ਪਨਾਹ ਦਿੰਦਾ ਹੈ
ਪਿਆਰਦਾ ਹੈ
ਦੁਲਾਰਦਾ ਹੈ
ਤੇ ਕਦੇ-ਕਦੇ ਜ਼ਿਸ਼ਕਾਰਦਾ ਵੀ
ਪਸੀਨੇ ਨਾਲ ਤਰ ਮੱਥੇ ਨੂੰ ਸਹਿਲਾਉਂਦਾ ਹੈ ਘਰ
ਘਰ ਸਦਾ ਘੁਣ ਨਹੀਂ ਹੁੰਦਾ...

♦

## ਸਵੈ-ਸੰਵਾਦ

ਅੱਜ ਕਲ੍ਹ
ਮੈਂ ਖ਼ੁਦ ਨੂੰ
ਏਦਾਂ ਪਰਖਦਾ ਹਾਂ
ਮੈਂ ਜੋ ਕੁਝ ਕਿਆਸਦਾ ਹਾਂ
ਸੋਚਦਾ ਹਾਂ
ਕੀ ਓਦਾਂ ਵਿਚਰਦਾ ਹਾਂ

ਖ਼ੁਦ ਬਾਰੇ
ਜਦ ਵੀ ਸੋਚਦਾ ਹਾਂ
ਆਪਣੀ ਪਰਖ ਦੇ ਪੈਮਾਨਿਆਂ ਨੂੰ
ਪਲ ਪਲ ਬਦਲਦਾ ਹਾਂ
ਮੈਂ ਧਰਤੀ 'ਤੇ ਜਦੋਂ ਰਹਿੰਦਾ ਹਾਂ
ਅਕਾਸ਼ਾਂ ਦੀ ਬੁਲੰਦੀ ਮਾਪਦਾ ਰਹਿੰਦਾਂ
ਤੇ ਜਦ ਅਕਾਸ਼ਾਂ 'ਚ ਘੁੰਮਾਂ
ਧਰਤ ਸੰਗ
ਆਪਣੇ ਰਿਸ਼ਤੇ ਦੇ ਬਾਰੇ ਸੋਚਦਾ ਹਾਂ
ਵਾਰ ਵਾਰ ਟੁੱਟਦਾ ਹਾਂ
ਮੁੜ ਮੁੜ ਜੁੜਨ ਲਈ
ਮੁੜ ਮੁੜ ਜੁੜਦਾ ਹਾਂ
ਫਿਰ ਫਿਰ ਟੁੱਟਣ ਵਾਸਤੇ
ਮੇਰੇ ਆਪੇ ਦੇ ਅੰਦਰ
ਇਹ ਕੇਹੀ ਦੁਫੇੜ ਹੈ
ਮੈਂ ਖ਼ੁਦ ਨਾਲ ਲੜਦਾ ਹਾਂ

ਜੰਗ ਹਰ ਵੇਲੇ
ਮੇਰੇ ਅੰਦਰ ਵਿਚਾਰਾਂ ਦਾ
ਇਹ ਕੇਹਾ ਭੇੜ ਹੈ
ਆਪ ਮੁਜਰਿਮ ਹਾਂ
ਤੇ ਆਪ ਹੀ ਮੁਨਸਿਫ਼ ਵੀ
ਰੂਹ ਮੇਰੀ ਫ਼ੈਸਲੇ ਆਪਣੇ
ਘੜੀ ਘੜੀ ਹੈ ਬਦਲਦੀ
ਮੈਂ ਕਹਿੰਦਾ ਜੋ ਵੀ ਹੋਵਾਂ
ਕਹਿਣਾ ਕੁਝ ਹੋਰ ਲੋਚਦਾ ਹਾਂ
ਮੈਂ
ਆਪਣੇ ਆਪ ਦੇ ਬਾਰੇ 'ਚ
ਅੱਜ ਕਲ੍ਹ ਏਦਾਂ ਸੋਚਦਾ ਹਾਂ
ਮੈਂ ਤੈਨੂੰ ਇਸ ਘੜੀ ਜੋ ਵੀ ਕਹਿ ਰਿਹਾਂ
ਅਗਲੇ ਹੀ ਪਲ
ਆਪਣੇ ਆਪ ਨੂੰ
ਕੁਝ ਹੋਰ ਤਰ੍ਹਾਂ ਪੇਸ਼ ਕਰ ਸਕਦਾ ਹਾਂ
ਉਹ ਵੀ ਮੇਰਾ ਸੱਚ ਸੀ
ਇਹ ਵੀ ਮੇਰੀ ਸੱਚਾਈ ਹੈ
ਕਦੇ ਆਖਾਂ ਮੈਂ ਜ਼ੱਰਾ ਹਾਂ
ਕਦੇ ਸੋਚਾਂ
ਮੇਰੇ ਅੰਦਰ ਖ਼ੁਦਾਈ ਹੈ

ਅੱਜ ਕਲ੍ਹ
ਮੈਂ ਖ਼ੁਦ ਨੂੰ ਹਾਂ ਏਦਾਂ ਪਰਖਦਾ
ਮੈਂ ਜੋ ਵੀ ਕਰ ਰਿਹਾਂ
ਕੀ ਮੈਂ ਓਦਾਂ ਸੋਚਦਾਂ

♦

## ਸ਼ੋਅ-ਰੂਮ

ਅੱਖਰਾਂ ਦੀ ਜਿਸਮ ਫਰੋਸ਼ੀ
ਸ਼ਬਦਾਂ ਦੀ ਤਿਜਾਰਤ
ਰੂਹ ਦੀ ਬੇਚੈਨੀ

ਅੱਜ ਕਲ੍ਹ
ਮੰਡੀ 'ਚ ਹੀ ਰਹਿੰਦਾ ਹਾਂ ਮੈਂ

ਆਪਣੇ-ਆਪ ਤਾਈਂ
ਬਹੁਤ ਕੁਝ ਪੁੱਛਣਾ
ਲੋਚਦਾ ਹਾਂ

ਮੈਂ
ਆਪਣੀ ਤਿਜਾਰਤ ਨੂੰ
ਮਸੀਹੀ ਰੰਗ ਵਿਚ ਰੰਗ ਕੇ
ਆਪਣੀਆਂ ਖ਼ਾਹਿਸ਼ਾਂ ਨੂੰ
ਅਧਿਆਤਮਿਕਤਾ ਦਾ ਲਿਬਾਸ ਪਵਾ
ਆਪਣੇ ਤਿਜਾਰਤੀ ਹੁਨਰ ਨੂੰ
ਜਾਦੂਗਰ ਵਾਂਗ
ਗਿਲੀ ਗਿਲੀ ਕਰਕੇ
ਪੇਸ਼ ਕਰਦਾ ਹਾਂ

ਮੇਰੇ ਲਈ ਕੋਈ ਜਸ਼ਨ
ਦੋ ਪਲ ਦੇ ਹਾਸੇ ਤੋਂ

ਵੱਧ ਕੀਮਤੀ ਨਹੀਂ
ਵੱਡੇ ਤੋਂ ਵੱਡਾ ਮਾਤਮ ਵੀ
ਦੋ ਹੰਝੂਆਂ ਤੋਂ
ਵੱਡਾ ਨਹੀਂ
ਮੈਂ
ਨਾਇਕਤਵ ਦਾ ਨਿੱਤ
ਨਵਾਂ ਚੋਲਾ ਪਹਿਨਦਾ
ਅੱਥਰੂਆਂ ਨਾਲ
ਨਿੱਤ ਨਵਾਂ ਮੇਕਅੱਪ ਕਰਦਾ

ਪੁਰਾਣੇ ਮੇਕਅੱਪ
ਤੇ ਉਦਾਸੀ ਨੂੰ
ਗਿਲੈਸਰੀਨੀ ਅੱਥਰੂਆਂ ਨਾਲ ਧੋਂਦਾ ਹਾਂ

ਆਪਣੇ ਚੌਗਿਰਦੇ 'ਚ
ਵਣਜਾਰੇ ਵਾਂਗ ਵਿਚਰਦਾ ਮੈਂ
ਸ਼ੁੱਧ ਕਾਰੋਬਾਰੀ ਮਸ਼ੀਨ
ਵਿਕਣ ਲਈ ਸਦਾ ਤਤਪਰ
ਚਲਦਾ ਫਿਰਦਾ ਤਿਜਾਰਤੀ ਸ਼ੋਅਰੂਮ

ਤੁਸੀਂ ਚਾਹੋ ਤਾਂ
ਬੋਲੀ ਦਾ ਹੋਕਾ
ਉੱਚੀ ਆਵਾਜ਼ 'ਚ ਦੇ ਸਕਦੇ ਹੋ...
♦

## ਖ਼ੌਫ਼, ਸ਼ੀਸ਼ਾ ਤੇ ਮੈਂ

ਹੱਥੋਂ ਡਿੱਗ ਪਿਆ ਹੈ ਸ਼ੀਸ਼ਾ
ਦੂਰ ਤਕ ਫ਼ੈਲੀਆਂ ਨੇ ਕਿਰਚਾਂ
ਸੰਭਲ ਸੰਭਲ ਕੇ ਧਰ ਰਿਹਾ ਹਾਂ ਪੈਰ
ਕਿਰਚਾਂ ਬਹੁਤ ਬਦਤਮੀਜ਼ ਹੋ ਗਈਆਂ ਨੇ
ਪੈਰਾਂ ਦੀ ਥਾਂ ਮੱਥੇ ਨਾਲ
ਗੰਢ ਰਹੀਆਂ ਨੇ ਰਿਸ਼ਤਾ
ਮੈਂ ਇਨ੍ਹਾਂ 'ਚੋਂ ਵੇਖਦਾ ਹਾਂ
ਆਪਣਾ ਤਿੜਕਿਆ ਚਿਹਰਾ
ਡਰ ਜਾਂਦਾ ਹਾਂ
ਇਹ ਖ਼ੌਫ਼ ਦਾ ਅਹਿਸਾਸ ਵੀ
ਕਿੰਨਾ ਅਜੀਬ ਹੁੰਦਾ ਹੈ
ਜ਼ਿੱਦ ਕਰ ਰਿਹਾ ਹੈ ਮੇਰਾ ਬੱਚਾ
'ਮੈਂ ਵੇਖਣਾ ਹੈ ਆਪਣਾ ਚਿਹਰਾ
ਜੋੜ ਕੇ ਦਿਉ ਮੈਨੂੰ ਮਿਰਾ ਸ਼ੀਸ਼ਾ'
ਮੈਂ ਆਪਣੇ ਖ਼ੌਫ਼ ਨੂੰ ਰੁਮਾਲ ਨਾਲ ਪੂੰਝ ਕੇ
ਜੇਬ ਵਿਚ ਰੱਖ ਲੈਂਦਾ ਹਾਂ
ਬੱਚੇ ਦੇ ਹੰਝੂਆਂ ਨੂੰ
ਤਲੀ ਨਾਲ ਵਰਾਉਂਦਾ
ਨਵਾਂ ਸ਼ੀਸ਼ਾ
ਲੈ ਕੇ ਆਉਣ ਦਾ ਵਾਅਦਾ ਕਰਦਿਆਂ
ਇਨ੍ਹਾਂ ਕਿਰਚਾਂ ਨੂੰ
ਗਹੁ ਨਾਲ ਵੇਖਦਾ ਹਾਂ

ਮੈਂ ਕਿਰਚਾਂ ਝਾੜੂ ਨਾਲ ਬੁਹਾਰਦਾ
ਅਖ਼ਬਾਰ 'ਚ ਪਾ
ਬਾਹਰ ਸੁੱਟ ਆਉਂਦਾ ਹਾਂ
ਆਪਣੇ ਤਿੜਕੇ ਅਤੀਤ ਵਾਂਗ

ਘਰ 'ਚ ਹੁਣ
ਸ਼ੀਸ਼ਾ ਕਿਤੇ ਨਹੀਂ
ਪਰ ਘਰ ਦਾ ਹਰਿਕ ਕੋਨਾ
ਟੁੱਟਿਆ
ਬੇਤਰਤੀਬਾ
ਸ਼ੀਸ਼ਾ ਹੋ ਗਿਆ ਹੈ
ਹੁਣ ਮੈਂ ਘਰ 'ਚ ਵੜਦਿਆਂ ਹੀ
ਖ਼ੌਫ਼ਜ਼ਦਾ ਹੋ ਜਾਂਦਾ ਹਾਂ

ਉਂਝ ਖ਼ੌਫ਼ ਦਾ ਅਹਿਸਾਸ ਵੀ
ਕਿੰਨਾ ਅਜੀਬ ਹੁੰਦਾ ਹੈ
ਅਜੀਬ
ਬਹੁਤ ਅਜੀਬ
♦

## ਰੁਕ ਜ਼ਰਾ

ਉਸ ਨੇ ਕਿਹਾ- "ਰੁਕ ਜ਼ਰਾ
ਵਕਤ ਦਾ
ਹੁਣ ਪਹਿਰਾ ਬਦਲਿਆ
ਤੂੰ ਵੀ
ਆਪਣੇ ਬੀਵੀ ਬੱਚਿਆਂ ਸੰਗ
ਪਰਚ ਜਾਹ
ਖ਼ੁਦ ਨੂੰ ਵੀ ਕੁਝ ਵਕਤ ਦੇ
ਮੇਰੇ ਕੋਲੋਂ ਪਰਤ ਜਾ
ਇਸ ਤੋਂ ਪਹਿਲਾਂ ਕਿ
ਉਦਾਸੀ ਦਾ ਸਫ਼ਰ ਸ਼ੁਰੂ ਹੋਵੇ
ਸਾਂਭ ਆਪਣੇ ਆਪ ਨੂੰ
ਮੈਂ ਵੀ ਖ਼ੁਦ ਨੂੰ ਰਤਾ ਸਮੇਟ ਲਾਂ
ਚਿਹਰੇ 'ਤੇ ਪਹਿਨ ਕੇ
ਮੁਸਕਣੀ ਦਾ ਲਿਬਾਸ
ਅਗਲੇ ਮੋੜ 'ਤੇ
ਫਿਰ ਮਿਲੀਏ ਕੁਝ ਇਸ ਤਰ੍ਹਾਂ
ਕਿ ਸ਼ੋਖ਼ ਰੰਗ ਜ਼ਿੰਦਗੀ ਦੇ
ਆਪੇ 'ਚ ਘੁਲਦੇ ਜਿਸ ਤਰ੍ਹਾਂ"

ਮੈਂ ਆਪਣੇ ਆਪ ਨੂੰ ਆਪੇ ਸਮੇਟਿਆ
ਤੇ ਲੱਭਣ ਤੁਰ ਪਿਆ ਹਾਂ
ਆਪਣੇ ਹੀ ਘਰ ਦਾ ਰਾਹ

ਉਸ ਨੇ ਕਿਹਾ- "ਰੁਕ ਜ਼ਰਾ
ਵਕਤ ਦਾ ਹੁਣ ਪਹਿਰਾ ਬਦਲਿਆ"
♦

# ਮੈਂ ਇਕ ਸਿਰਜਣਹਾਰ ਹਾਂ

ਮੈਂ ਇਕ ਸਿਰਜਣਹਾਰ ਹਾਂ
ਉਰਾਰ ਹਾਂ
ਨਾ ਪਾਰ ਹਾਂ
ਬਸ ਕਿਧਰੇ ਅੱਧ ਵਿਚਕਾਰ ਹਾਂ
ਸ਼ਬਦਾਂ ਤਾਈਂ ਪਰੋਵਾਂ
ਕਦੇ ਜਗਾਵਾਂ ਮੈਂ
ਖ਼ਾਬਾਂ ਅੰਦਰ ਘਰ ਬਣਾ ਕੇ
ਆਪੇ ਢਾਹਵਾਂ ਮੈਂ

ਆਪਣੇ ਅੰਦਰ ਤਾਈਂ ਜੰਗਲ ਆਖਾਂ
ਕਵਿਤਾ ਨੂੰ ਪਰ
ਜੰਗਲ ਦੇ ਵਿਚ ਮੰਗਲ ਆਖਾਂ
ਸ਼ਬਦ ਖੇਡ ਦਾ ਮਾਹਰ ਹਾਂ
ਆਪੇ ਗ਼ਾਲਿਬ ਹਾਂ
ਸਾਹਿਰ ਹਾਂ

ਕਾਲਾ
ਸੂਹਾ
ਕਦੇ ਗੁਲਾਬੀ
ਭੂਰਾ ਹਾਂ
ਆਪੇ ਆਪ ਮਦਾਰੀ ਮੈਂ
ਆਪੇ ਆਪ ਜਮੂਰਾ ਹਾਂ

ਆਪੇ ਜ਼ਖ਼ਮ
ਤੇ ਆਪੇ ਮਰਹਮ
ਖ਼ੁਦ ਲਈ ਆਪੇ ਹੀ ਤਲਵਾਰ ਹਾਂ

ਮੈਂ ਇਕ ਸਿਰਜਣਹਾਰ ਹਾਂ
ਉਰਾਰ ਹਾਂ
ਨਾ ਪਾਰ ਹਾਂ...

ਮੇਰੀ ਖ਼ਾਤਰ
ਜਸ਼ਨ
ਰੌਣਕਾਂ
ਜਲਸੇ
ਬੇਸ਼ੁਮਾਰ ਨੇ
ਆਪਣੇ ਹੰਝੂਆਂ ਨੂੰ ਪੂੰਝਣ ਲਈ
ਪਰ ਹੱਥ ਵੀ ਤਾਂ ਦਰਕਾਰ ਨੇ
ਇਹ ਜੋ
ਹਉਮੈ ਦੇ ਘੋੜੇ 'ਤੇ ਅਸਵਾਰ ਨੇ
ਮੇਰੇ ਹੀ ਕਈ ਰੰਗਾਂ ਦੇ
ਕਿਰਦਾਰ ਨੇ
ਮੇਰੇ ਜ਼ਿਹਨ ਵਿਚ
ਤੱਕਣ ਦੇ ਲਈ ਸੁਪਨੇ ਬੇਸ਼ੁਮਾਰ ਨੇ
ਇਨ੍ਹਾਂ ਦੀ ਤਾਬੀਰ ਲਈ
ਪਰ ਸਫ਼ਰ ਦੇ ਅੱਧ ਵਿਚਕਾਰ ਹਾਂ
ਮੈਂ ਇਕ ਸਿਰਜਣਹਾਰ ਹਾਂ
ਉਰਾਰ ਹਾਂ

## ਨਾ ਪਾਰ ਹਾਂ...

ਆਪ ਖਿਡਾਰੀ
ਆਪਣਾ ਖਿਡਾਉਣਾ
ਆਪਣਾ ਆਪ ਮੈਂ ਕਿਹਨੂੰ ਵਿਖਾਉਣਾ
ਸੰਕਟ ਕਿਸੇ 'ਚੋਂ ਲੰਘਦਿਆਂ
ਕਿਹੜੇ ਰੱਬ ਨੂੰ
ਕਿਵੇਂ ਧਿਆਉਣਾ
ਕੁੱਲ ਬ੍ਰਹਿਮੰਡ ਦਾ ਮੈਂ ਗਿਆਤਾ
ਮੈਨੂੰ ਕਿਸੇ ਨੇ ਕੀ ਸਮਝਾਉਣਾ
ਮਿੱਟੀ ਦਾ ਇਕ ਕਿਣਕਾ ਮਾਤਰ
ਕਦੇ ਆਖਾਂ ਅਵਤਾਰ ਹਾਂ
ਉਰਾਰ ਹਾਂ
ਨਾ ਪਾਰ ਹਾਂ...
ਬਸ ਕਿਧਰੇ ਅੱਧ-ਵਿਚਕਾਰ ਹਾਂ
ਮੈਂ ਇਕ ਸਿਰਜਣਹਾਰ ਹਾਂ...

♦

## ਘਰ

ਬਹੁਤ ਦਿਨਾਂ ਬਾਅਦ
ਪਰਤਿਆ ਹੈ ਉਹ ਘਰ

ਕਾਲ ਬੈੱਲ ਨੇ ਦਿੱਤਾ
ਉਹਦੀ ਆਮਦ ਦਾ ਸੁਨੇਹਾ

ਪੋਰਚ ਵਿਚ ਲੱਗੇ
ਬੋਗਨਵਿਲੀਆ ਨੇ ਕਹੀ ਖ਼ੁਸ਼ਆਮਦੀਦ

ਦਰਵਾਜ਼ੇ ਨਾਲ ਲੱਗੀ
ਇਸ਼ਕਪੇਚੇ ਦੀ ਵੇਲ
ਰਤਾ ਕੁ ਸੰਗੀ

ਮਾਂ ਦੀਆਂ ਅੱਖਾਂ 'ਚ ਫੈਲਗੀ ਖ਼ੁਸ਼ੀ

ਬੀਵੀ ਨੇ ਚਿਹਰੇ ਦੀ ਲਾਲੀ ਨੂੰ
ਲੁਕਾ ਲਿਆ ਵਿਹਲੇ ਵੇਲੇ ਲਈ

ਉਹਦੇ ਬਾਲ ਦੇ ਹੱਥਾਂ ਦੀ ਤਾੜੀ 'ਚੋਂ
ਕੱਵਾਲੀ ਦੇ ਸੁਰ ਫੁੱਟੇ

ਪੱਖੇ ਦੀ ਹਵਾ ਨੇ ਪਾਇਆ ਲਹਿਰੀਆ

ਨਹਾਉਂਦਿਆਂ ਪਾਣੀ ਦੀ ਛਪਕ ਛਪਕ 'ਚੋਂ
ਗੂੰਜਿਆ ਰਾਗ ਮਲਹਾਰ

ਕਿਸੇ ਇਕ ਜਣੇ ਦੀ ਆਮਦ ਨਾਲ
ਘਰ ਦੇ ਤੌਰ ਬਦਲ ਜਾਂਦੇ ਨੇ

ਘਰ ਜਿਉਣ ਜੋਗਾ ਹੋ ਜਾਂਦਾ ਹੈ।

♦

## ਤਾਰੇ

ਉਸ ਆਕਾਸ਼ 'ਚੋਂ
ਟੁੱਟਦੇ ਤਾਰੇ ਵੱਲ ਗਹੁ ਨਾਲ ਤੱਕਿਆ
ਤੇ ਕਿਹਾ
ਅੱਖਾਂ ਬੰਦ ਕਰ ਕੇ ਕੋਈ ਦੁਆ ਮੰਗ ਲੈ

ਮੈਂ ਉਹਦਾ ਹੱਥ ਘੁੱਟ ਕੇ ਆਪਣੇ ਹੱਥ 'ਚ ਲੈਂਦਿਆਂ ਕਿਹਾ
ਮੇਰੀ ਕੋਈ ਮੰਗ ਪੂਰੀ ਨਹੀਂ ਹੋਣੀ

ਮੈਂ ਤਾਰੇ ਮੁੜ ਆਸਮਾਨ ਤੇਂ
ਜੜਿਆ ਵੇਖਣਾ ਚਾਹੁੰਦਾ ਹਾਂ
♦

## ਪਾਣੀ ਦੀ ਅਭਿਨੈ ਕਥਾ

ਯੁਗਾਂ ਪੁਰਾਣੀ ਕਥਾ ਦਾ ਹੀ
ਇਹ ਨਵਾਂ ਅੰਕ ਹੈ

ਸਿਆਹ ਰਾਤ
ਹਮੇਸ਼ਾ
ਮੇਰੇ ਸੁਪਨਿਆਂ ਦਾ ਕਤਲ ਕਰਦੀ ਏ

ਸੁਪਨਿਆਂ ਦੀ
ਟੋਟੇ ਟੋਟੇ ਲਾਸ਼ ਨੂੰ
ਝੋਲੀ 'ਚ ਪਾਈ
ਇਸ ਸਿਆਹ ਰਾਤ ਦੇ
ਖ਼ੌਫ਼ਨਾਕ ਹਨੇਰੇ ਦੇ ਖ਼ਿਲਾਫ਼
ਆਦਿ-ਜੁਗਾਦੀ ਲੜਾਈ ਵਿਚ
ਮੈਂ
ਕਦੇ ਸੂਰਜ ਹੁੰਦਾ ਹਾਂ
ਕਦੇ ਦੀਵਾ
ਕਦੇ ਜੁਗਨੂੰ

ਕਦੇ ਮੈਂ ਲੁਕ ਜਾਂਦਾ ਹਾਂ
ਰਾਤ ਦੇ ਸਿਪਾਹੀਆਂ ਤੋਂ
ਖ਼ੌਫ਼ਜ਼ਦਾ ਹੋ ਕੇ

ਮੈਂ ਵੀ ਤਾਂ ਸਦਾ
ਟਾਹਣੋਂ ਟੁੱਟੇ ਪੱਤੇ ਵਾਂਗ
ਹਵਾ ਦੇ ਰੁਖ਼ ਨਾਲ
ਆਪਣੀ ਦਿਸ਼ਾ ਬਦਲਦਾ
ਆਪਣੀ ਖ਼ੈਰ-ਸੁਖ ਨੂੰ ਹੀ
ਸਦਾ ਮੋਹਰੀ ਮੁੱਦਾ ਬਣਾ
ਜਿਊਂਦੇ ਰਹਿਣ ਦਾ
ਕੋਈ ਢੰਗ ਲੱਭਦਾ ਹਾਂ

ਕਦੇ ਘਰ-ਪਰਿਵਾਰ
ਕਦੇ ਜਿਸਮਾਂ ਦਾ ਸੰਸਾਰ
ਕਦੇ ਦਫ਼ਤਰ ਤੇ ਕਦੇ-ਕਦੇ
ਮੁੱਕੇ ਵਾਂਗ ਤਣਦੀ ਭੀੜ ਦੇ
ਬਸ ਅੱਧ ਵਿਚਕਾਰ

ਸ਼ਬਦਾਂ ਨੂੰ
ਕਦੇ ਮੈਂ ਸਿਰਜਦਾ
ਕਦੇ ਦੌਲਤ
ਕਦੇ ਸ਼ੁਹਰਤ ਲਈ
ਇਸਤੇਮਾਲ ਕਰਦਾ
ਹਨੇਰੇ ਦੇ ਖ਼ਿਲਾਫ਼ ਚੱਲ ਰਹੀ ਜੰਗ ਵਿਚ
ਸ਼ਾਮਲ ਹੋਣ ਦਾ
'ਐਲਾਨ ਕਰਦਾ ਹਾਂ'

ਕਦੇ ਕਦੇ ਪਰ
ਰੌਸ਼ਨੀ ਕੋਈ
ਮੇਰੇ ਧੁਰ ਅੰਦਰ ਤੀਕ ਉਤਰਦੀ ਹੈ

ਆਪਣੇ ਜਿਊਣ ਢੰਗ 'ਤੇ
ਮੈਨੂੰ
ਇਕ ਖਿਝ ਜਹੀ ਚੜ੍ਹਦੀ ਹੈ
ਮੈਂ
ਇਸ ਖਿਝ ਨੂੰ
ਆਪਣੇ ਦੁਆਲੇ ਤਾਣ ਲੈਂਦਾ ਹਾਂ
... ਤੇ
ਰਾਤ ਦੇ ਹਨੇਰੇ ਦੇ ਖ਼ਿਲਾਫ਼
ਯੁੱਧ ਦੀ ਬਸ ਠਾਣ ਲੈਂਦਾ ਹਾਂ
ਉਨ੍ਹਾਂ ਛਿਣਾਂ ਵਿਚ ਹੀ
ਮੈਂ ਕਦੇ ਸੂਰਜ
ਕਦੇ ਦੀਵਾ
ਕਦੇ ਜੁਗਨੂੰ ਹੁੰਦਾ ਹਾਂ

ਬਹੁਤੀ ਦੇਰ ਪਰ
ਵਾੜ ਇਹ ਮੇਰੇ ਸੰਗ ਨਾ ਰਹਿੰਦੀ
ਹੋ ਕੇ ਤਾਰ-ਤਾਰ ਬਿਖਰ ਜਾਂਦੀ
ਮੈਂ ਫੇਰ ਆਪਣੇ ਆਪ ਵਿਚ
ਪਰਤ ਆਉਂਦਾ ਹਾਂ
ਤੇ ਸਿਆਹ ਰਾਤ ਦੇ
ਹਨੇਰੇ ਦੇ ਖ਼ਿਲਾਫ਼

ਯੁੱਧ ਦਾ ਅਭਿਨੈ ਕਰਦਾ ਹਾਂ
ਇਹ ਕੈਸਾ ਜੀਊਣ ਹੈ
ਕੈਸੀ ਹੈ ਜ਼ਿੰਦਗੀ
ਪਲ ਪਲ ਰੰਗ ਬਦਲਦੀ

ਮੈਂ ਜਾਣਦਾ ਹਾਂ
ਮੇਰੇ ਸੁਪਨਿਆਂ ਦੀ
ਸਿਆਹ ਰਾਤ ਨਾਲ
ਬੜੀ ਲੰਬੀ ਲੜਾਈ ਹੈ
ਜਿਸ ਨੂੰ ਲੜਨ ਤੋਂ ਬਿਨਾਂ
ਹੋਰ ਕੋਈ ਚਾਰਾ ਨਹੀਂ

ਪਰ
ਇਸ ਲੜਾਈ ਵਿਚ
ਮੈਨੂੰ ਆਪਣੇ ਆਪ ਦਾ ਵੀ
ਕੋਈ ਸਹਾਰਾ ਨਹੀਂ
ਇਹੀ ਸਿਆਹ ਰਾਤ
ਹਮੇਸ਼ਾ ਮੇਰੇ ਸੁਪਨਿਆਂ ਦਾ
ਕਤਲ ਕਰਦੀ ਏ

ਯੁਗਾਂ ਪੁਰਾਣੀ ਕਥਾ ਦਾ ਹੀ
ਇਹ ਨਵਾਂ ਅੰਕ ਹੈ
♦

## ਬੈਗ

ਮੇਰੇ ਬੈਗ ਦੀ ਇਕ ਜੇਬ ਵਿਚ
ਤਿੜਕੇ ਸੁਪਨੇ ਪਏ ਹਨ
ਦੂਜੀ ਵਿਚ
ਅਧੂਰੀਆਂ ਖ਼ਾਹਿਸ਼ਾਂ ਦਾ ਪੈਕਟ
ਯੁਗਾਂ ਪੁਰਾਣੀਆਂ ਯਾਦਾਂ ਨੂੰ
ਮੈਂ ਤਹਿ ਕਰਕੇ
ਰੱਖਿਆ ਹੈ ਇਸ ਵਿਚ

ਇਸੇ ਬੈਗ ਦੀ ਇਕ ਨੁੱਕਰ ਵਿਚ
ਕੁਝ ਪੁਰਾਣੇ ਖ਼ਤ ਪਏ ਹਨ
ਨਾ ਵੀ ਪਏ ਹੁੰਦੇ
ਤਾਂ ਵੀ ਕੋਈ ਫ਼ਰਕ ਨਹੀਂ ਸੀ ਪੈਣਾ
ਤਹਿਰੀਰ ਉਨ੍ਹਾਂ ਦੀ
ਹਰਫ਼-ਬ-ਹਰਫ਼ ਯਾਦ ਹੈ ਮੈਨੂੰ

ਬਹੁਤ ਸੰਭਾਲ ਕੇ ਰੱਖਦਾ ਹਾਂ ਮੈਂ ਇਹ ਬੈਗ
ਆਪਣੇ ਆਪ ਤੋਂ ਵੀ
ਫਿਰ ਵੀ ਪਤਾ ਨਹੀਂ
ਕੀ ਵਾਪਰਦਾ ਹੈ ਮੇਰੇ ਨਾਲ

ਜਦੋਂ ਵੀ ਸਫ਼ਰ 'ਤੇ ਤੁਰਦਾ ਹਾਂ
ਇਹ ਬੈਗ ਮੇਰੇ
ਨਾਲ-ਨਾਲ ਤੁਰਨ ਲੱਗਦਾ ਹੈ

ਢਲੀ ਰਾਤ
ਕਿਸੇ ਕਮਰੇ ਦੀ ਸਿਆਹ ਨੁੱਕਰੇ
ਆਪਣੇ ਆਪ ਹੀ
ਖੁੱਲ੍ਹਣਾ ਸ਼ੁਰੂ ਹੋ ਜਾਂਦਾ ਇਹ ਬੈਗ
ਟੋਟਾ-ਟੋਟਾ ਖ਼ਾਹਿਸ਼...
ਹਰਫ਼ ਹਰਫ਼ ਖ਼ਤ
ਤੜਕ ਸਾਰ ਜਦੋਂ ਸਵੇਰ ਦਾ ਤਾਰਾ
ਮੇਰੇ ਮੱਥੇ ਨੂੰ ਚੜ੍ਹਨ ਲੱਗਦਾ ਹੈ
ਮੈਂ ਇਸ ਬੈਗ ਨੂੰ
ਮੁੜ ਸਹੇਜਣਾ ਸ਼ੁਰੂ ਕਰ ਦਿੰਦਾ ਹਾਂ।
♦

## ਨੀਂਦ ਤੇ ਸੁਪਨੇ

ਅੱਜ ਕਲ੍ਹ ਮੈਂ ਬੜੀ ਕੱਚੀ ਨੀਂਦ ਸੌਂਦਾ ਹਾਂ
ਪਰ ਫਿਰ ਵੀ
ਸੁਪਨੇ ਗ਼ੈਰ ਹਾਜ਼ਰ ਹੀ ਰਹਿੰਦੇ ਨੇ

ਬੱਤੀ ਦਾ ਚਲੇ ਜਾਣਾ
ਬਿੱਲੀ ਦਾ ਖੜਾਕ
ਗਲੀ 'ਚੋਂ ਲੰਘਦੇ
ਕਿਸੇ ਸ਼ਰਾਬੀ ਦੀ ਬੱਕੜਵਾਹ
ਪਲ ਵਿਚ ਹੀ ਜਗਾ ਦਿੰਦੀ ਹੈ ਮੈਨੂੰ
ਤੇ ਜਾਗਦਿਆਂ ਸੁਫ਼ਨੇ ਵੇਖਣ ਦੀ
ਮੇਰੀ ਤੌਫ਼ੀਕ ਨਹੀਂ ਹੈ
ਉਹ ਵੀ ਦਿਨ ਹੁੰਦੇ ਸਨ
ਜਦੋਂ ਮੈਂ ਖ਼ੂਬ ਸੌਂਦਾ ਸਾਂ
ਤੇ ਸੁਫ਼ਨੇ ਬਹੁਤ ਆਉਂਦੇ ਸਨ

ਇਕ ਅੱਧ ਸੁਪਨਾ
ਸੁਬਹ ਸਵੇਰੇ ਯਾਦ ਰਹਿੰਦਾ ਸੀ
ਤੇ ਸਾਰਾ ਦਿਨ ਗੁਜ਼ਰ ਜਾਂਦਾ ਸੀ
ਉਸੇ ਖ਼ਾਬ ਦੇ ਅਰਥ ਸਮਝਦਿਆਂ
ਉਹਦੀ ਤਾਬੀਰ ਬਾਰੇ ਸੋਚਦਿਆਂ

ਉਦੋਂ ਸੁਪਨੇ ਵਿਚ
ਸ਼ਾਹੀ ਦਰਬਾਰ ਦਿਸਦਾ ਸੀ

ਕਦੇ ਜੰਗਲ ਸੰਘਣਾ ਕੋਈ
ਮੈਂ ਜਿਸ ਨੂੰ ਚੀਰਨਾ ਚਾਹੁੰਦਾ ਹਾਂ
ਕਦੇ ਕਦੇ ਲੱਗਦਾ ਸੀ
ਜੰਗਲ ਤੇ ਸ਼ਾਹੀ ਦਰਬਾਰ ਵਿਚ
ਕੋਈ ਫ਼ਰਕ ਨਹੀਂ ਹੁੰਦਾ
ਉਹੀ ਜਿਉਂਦਾ ਰਹਿ ਸਕਦੈ
ਜਿਹੜਾ ਤਾਕਤਵਰ ਹੋਵੇ

ਸੁਪਨੇ ਦੀ ਸਕਰੀਨ
ਬਦਲ ਜਾਂਦੀ ਹੈ ਕਦੇ
ਮਗਰਮੱਛ ਨਜ਼ਰ ਆਉਂਦੈ
ਕਦੇ ਬਾਜ਼ਾਰ ਕੋਈ ਸੱਜਿਆ ਹੋਇਆ
ਭੇੜੀਆ ਖ਼ੂੰਖਾਰ ਦਿਸਦਾ ਹੈ
ਜਾਂ ਸ਼ੇਰ ਦਿੱਸਦੈ
ਹੁਣ ਜਦ
ਨੀਂਦ ਦੀ ਸਕਰੀਨ ਤੋਂ
ਸੁਪਨਿਆਂ ਦਾ ਫੇਡ-ਆਊਟ ਹੋ ਗਿਆ ਹੈ
ਰਾਤੀਂ ਜਾਗਦਿਆਂ
ਜੋ ਮੈਂ ਪੜ੍ਹਦਾ ਹਾਂ
ਸੋਚਦਾ ਹਾਂ
ਪਰਖਦਾ ਹਾਂ
ਤਾਂ ਮੈਨੂੰ ਸਮਝ ਆਉਂਦੀ ਹੈ
ਕਿ ਜੰਗਲ
ਮਗਰਮੱਛ
ਦਰਬਾਰ

ਬਾਜ਼ਾਰ
ਭੇੜੀਆ ਖੂੰਖਾਰ
ਜਾਂ ਸ਼ੇਰ ਸਰਕਾਰ
ਸਾਰੇ ਇਕੋ ਸ਼ੈਅ ਦੇ ਅੱਡ-ਅੱਡ ਰੂਪ ਨੇ

ਇਨ੍ਹਾਂ ਨੇ ਮਾਰਨਾ ਹੁੰਦੈ
ਤੇ ਮਾਰ ਕੇ ਖਾਣਾ ਵੀ
ਇਕੋ ਜਿਹਾ ਸੁਭਾਅ ਇਨ੍ਹਾਂ ਦਾ
ਇਕੋ ਜਿਹੀ ਤਾਸੀਰ

ਹੁਣ ਨਹੀਂ ਆਉਂਦੇ ਸੁਪਨੇ

ਪਰ ਵੇਖਦਾ ਹਾਂ
ਜਾਗਦੀਆਂ ਅੱਖਾਂ ਨਾਲ
ਪਹਿਲਾਂ ਵੇਖੇ ਸੁਪਨਿਆਂ ਦੀ ਤਾਬੀਰ

ਅੱਜ ਕਲ੍ਹ ਮੈਂ ਬੜੀ ਕੱਚੀ ਨੀਂਦ ਸੌਂਦਾ ਹਾਂ
ਪਰ ਫਿਰ ਵੀ
ਸੁਪਨੇ ਗ਼ੈਰ-ਹਾਜ਼ਰ ਹੀ ਰਹਿੰਦੇ ਨੇ
♦

## ਸ਼ਹਿਰ ਹੁਣ ਉਹ ਨਹੀਂ ਰਿਹਾ

ਮੈਂ ਜਿਸ ਸ਼ਹਿਰ 'ਚ ਜੰਮਿਆ ਸਾਂ
ਉਸੇ ਸ਼ਹਿਰ 'ਚ ਹੀ
ਰਹਿੰਦਾ ਹਾਂ ਅਜੇ ਵੀ
ਪਰ ਇਹ ਸ਼ਹਿਰ
ਸ਼ਾਇਦ ਹੁਣ ਉਹ ਨਹੀਂ ਰਿਹਾ

ਮੈਂ ਜਿਸ ਨੂੰ ਜਾਣਦਾ
ਪਹਿਚਾਣਦਾ ਸਾਂ
ਜਿਸ ਬਾਰੇ ਮੈਂ ਅਕਸਰ ਸੋਚਦਾ ਸਾਂ
ਜਿਸ ਦੀ ਹਰੇਕ ਸੜਕ
ਗਲੀ
ਮੁਹੱਲੇ
ਦੇ ਵਾਕਿਫ਼ ਹੋਣ ਦਾ
ਦਮ ਭਰਦਾ ਸਾਂ
ਜਿਸ ਬਾਰੇ ਮੈਂ ਅਕਸਰ ਆਖਦਾ ਸਾਂ
"ਇਹ ਸ਼ਹਿਰ ਮੇਰੇ ਦਿਲ ਦਾ ਕਰਜ਼ਾਈ ਹੈ"

ਇਹ ਸ਼ਹਿਰ ਹੁਣ ਉਹ ਨਹੀਂ ਰਿਹਾ
ਮੇਰੇ ਲਈ ਅਣਜਾਣ ਹੋ ਗਿਆ ਹੈ

ਯਕੀਨ ਜਾਣਿਉਂ
ਸਵੇਰੇ ਰੁਜ਼ਗਾਰ ਲਈ ਨਿਕਲਦਾ ਹਾਂ
ਤੇ ਸ਼ਾਮੀਂ ਵਾਪਸ ਆਉਂਦਿਆਂ

ਇਹਦੀਆਂ ਸੜਕਾਂ
ਬੇਪਛਾਣ ਹੋ ਜਾਂਦੀਆਂ ਨੇ
ਰੋਜ਼ ਇਨ੍ਹਾਂ ਸੜਕਾਂ 'ਤੇ
ਉਸਰ ਰਹੀਆਂ ਨੇ
ਵਿਸ਼ਾਲ ਦਿਉ-ਕੱਦ ਇਮਾਰਤਾਂ
ਸ਼ਾਪਿੰਗ ਮਾਲ
ਸ਼ੂ-ਸੈਂਟਰ
ਮੈਕਡੋਨਲਡ
ਤੇ ਹੋਰ ਪਤਾ ਨਹੀਂ ਕੀ ਕੀ?
ਰੋਜ਼ ਕਿਸੇ ਨੁੱਕਰੇ
ਚਾਹ ਦਾ ਖੋਖਾ
ਪਕੌੜਿਆਂ ਦੀ ਰੇਹੜੀ
ਮੁਨਿਆਰੀ ਦਾ ਸਟਾਲ
ਖ਼ੁਦਕੁਸ਼ੀ ਲਈ
ਮਜਬੂਰ ਕਰ ਦਿੱਤੇ ਜਾਂਦੇ ਨੇ

ਮੇਨ ਚੌਂਕ 'ਚ ਲੱਗਾ
ਵਿਸ਼ਾਲ ਹੋਰਡਿੰਗ ਹੱਸਦਾ ਹੈ
ਉਸ ਦੇ ਵਿਸ਼ੈਲੇ ਦੰਦਾਂ 'ਚੋਂ
ਜੋ ਸ਼ਬਦ ਕਿਰਦੇ ਨੇ
ਮੈਂ ਜਦ ਸੁਣਦਾ
          ਬੋਚਦਾ
          ਸਾਂਭਦਾ
          ਸਮਝਦਾ ਹਾਂ
ਤਾਂ ਇਬਾਰਤ ਕੁਝ ਇੰਝ ਬਣਦੀ ਹੈ

"ਸ਼ਹਿਰ ਵਿਕਾਸ ਕਰ ਰਿਹਾ ਹੈ"
ਮੈਂ ਸੋਚਦਾ ਹਾਂ
ਆਪਣੇ ਆਪ ਨੂੰ ਸਵਾਲ ਕਰਦਾ ਹਾਂ
"ਕੌਣ ਅਦਾ ਕਰ ਰਿਹਾ ਹੈ
ਇਸ ਵਿਕਾਸ ਦੀ ਕੀਮਤ"

ਕਿਸ ਗਲੀ ਦੇ ਮੋੜ 'ਤੇ
ਪਾਟੇ ਤੰਬੂ ਦੀ ਛਾਵੇਂ ਖੜ੍ਹਾ
ਕੱਪੜੇ ਪਰੈੱਸ ਕਰਨ ਵਾਲਾ ਮੇਜ਼
ਡਗਮਗਾਉਂਦਾ ਹੈ

ਸ਼ਹਿਰ ਪਲ ਪਲ ਬਦਲ ਰਿਹਾ ਹੈ
ਬੇਪਛਾਣ ਹੋ ਰਿਹਾ ਹੈ
ਮੇਰੇ ਲਈ ਅਣਜਾਣ ਹੋ ਰਿਹਾ ਹੈ
ਸ਼ਹਿਰ ਮੇਰੇ 'ਚ ਦੌਲਤ ਦਾ
ਦਰਿਆ ਵਗਦਾ ਹੈ
ਸੜਕਾਂ 'ਤੇ ਦਨਦਨਾਉਂਦਾ ਪੈਸਾ
ਵਹਿਸ਼ੀ ਹਾਸਾ ਹੱਸਦਾ ਹੈ

ਮੈਂ ਪੁੱਛਦਾ ਹਾਂ
ਕਿਸੇ ਚੁਰਾਹੇ 'ਤੇ ਬੋਰੀ ਵਿਛਾ ਕੇ ਬੈਠੇ
ਬਜ਼ੁਰਗ ਦੇ ਮਰਤਬਾਨ ਵਿਚਲੀਆਂ ਟਾਫ਼ੀਆਂ ਨੂੰ
"ਸੁਣਾਓ ਕੀ ਹਾਲ ਨੇ"
ਉਹ ਸਾਹਮਣੇ ਵੱਡੇ ਸ਼ੋਅਰੂਮ 'ਚ ਸਜੇ
ਚਾਕਲੇਟਾਂ ਵੱਲ ਇਸ਼ਾਰਾ ਕਰਦੀਆਂ

ਠਹਾਕਾ ਮਾਰ ਕੇ ਹੱਸਦੀਆਂ
ਇਸ ਠਹਾਕੇ 'ਚ ਲੁਕਿਆ ਕਹਿਰ ਹੈ
ਉਨ੍ਹਾਂ ਦੇ ਦੰਦਾਂ ਦੀਆਂ ਵਿਰਲਾਂ 'ਚੋਂ
ਝਾਕਦਾ ਜ਼ਹਿਰ ਹੈ

ਇਹ ਜ਼ਹਿਰ ਅਜਬ ਹੋ ਗਿਆ ਹੈ
ਇਥੇ ਜੀਣ ਦਾ ਮਤਲਬ
ਗ਼ਜ਼ਬ ਹੋ ਗਿਆ ਹੈ

ਸੜਕਾਂ 'ਤੇ ਜਿਉਣ ਦਾ ਹੱਕ ਮੰਗਦੇ
ਨਾਅਰਿਆਂ ਨੂੰ
ਇਹ ਸ਼ਹਿਰ
ਹਿਕਾਰਤ ਦੀ ਨਜ਼ਰ ਨਾਲ ਤੱਕਦਾ ਹੈ
ਮੇਰੇ ਸ਼ਹਿਰ ਦਾ ਬਚਪਨ
ਹੁਣ ਸਿਰਫ਼ ਜ਼ਹਿਰਾਂ ਫੱਕਦਾ ਹੈ

ਪੱਪੂ ਦਾ ਚਾਹ ਵਾਲਾ ਖੋਖਾ
ਅਜੇ ਤੀਕ ਸਲਾਮਤ ਹੈ
ਸ਼ਾਇਦ ਇਸੇ ਕਰਕੇ
ਇਸ ਸ਼ਹਿਰ ਵਿਚ ਅਜੇ
ਜਿਉਂਦੀ ਨਫ਼ਾਸਤ ਹੈ
ਪਰ ਕਿੰਨੀ ਕੁ ਦੇਰ
ਇਹ ਨਿੱਕਾ ਜਿਹਾ ਸਕੂਨ ਬਚਿਆ ਰਹੇਗਾ
ਵਹਿਸ਼ਤ ਦਾ ਅੰਨ੍ਹਾ ਸੇਕ
ਛੇਤੀ ਹੀ ਇਸ ਨੂੰ ਵੀ ਆਪਣੀ
ਬੁੱਕਲ 'ਚ ਲਏਗਾ

ਫਿਰ ਮੇਰੇ ਸ਼ਹਿਰ 'ਚੋਂ ਅੱਥਰੂ ਵੀ
ਸੁੱਕ ਜਾਣਗੇ
ਇਸ ਸ਼ਹਿਰ ਦੀ ਮੌਤ ਦੇ ਮਾਤਮ ਲਈ
ਸੱਥਰ ਵੀ ਮੁੱਕ ਜਾਣਗੇ

ਮੈਂ ਇਸ ਸ਼ਹਿਰ 'ਚ ਜੰਮਿਆ ਸਾਂ
ਇਥੇ ਹੀ ਰਹਿੰਦਾ ਹਾਂ ਅਜੇ ਵੀ
ਪਰ ਇਹ ਸ਼ਹਿਰ
ਬੇਪਛਾਣ ਹੋ ਗਿਆ ਹੈ
ਮੇਰੇ ਲਈ ਅਣਜਾਣ ਹੋ ਗਿਆ ਹੈ।
♦

## ਕਾਸ਼...

ਹੁਣੇ ਆਇਆ ਹੈ
ਠੰਡੀ ਹਵਾ ਦਾ ਬੁੱਲਾ
ਭਰ ਗਿਆ ਹਾਂ
ਚਾਅ ਨਾਲ
ਜੋਸ਼ ਨਾਲ
ਉਮਾਹ ਨਾਲ
ਕਿੰਨਾ ਭੋਲਾ ਹੈ ਮੇਰਾ ਮਨ
ਕਿੰਨੀ ਛੇਤੀ ਪਰਚ ਜਾਂਦਾ ਹੈ
ਹੁਣੇ ਕੁਰਲਾ ਰਿਹਾ ਸੀ
ਹੁੰਮਸ ਦੇ ਦੁੱਖੋਂ

ਠੰਡੀ ਹਵਾ ਦਾ ਇਕੋ ਬੁੱਲਾ
ਤੇ ਬਦਲ ਗਿਆ ਹੈ
ਮਨ ਦਾ ਮੌਸਮ ਵੀ
ਕਾਸ਼ ਜ਼ਿੰਦਗੀ 'ਚ ਵੀ
ਸਭ ਕੁਝ ਇੰਜ ਵਾਪਰੇ
♦

## ਸਾਡੇ ਸਮੇਂ

ਬੜੇ ਪੁਰਾਣੇ ਹੋ ਗਏ ਨੇ ਉਹ ਸਮੇਂ
ਜੋ ਸਾਡੇ ਹੁੰਦੇ ਸਨ
ਜਦੋਂ ਲੱਗਦਾ ਸੀ
ਕਿ ਹੁਣ ਇਤਿਹਾਸ ਜਦ ਵੀ ਲਿਖਿਆ ਜਾਵੇਗਾ
ਅਸੀਂ ਹੀ ਹੋਵਾਂਗੇ
ਮਹਾਂਨਾਇਕ

ਬੜੇ ਪੁਰਾਣੇ ਹੋ ਗਏ ਨੇ ਉਹ ਸਮੇਂ
ਜੋ ਸਿਰਫ ਸਾਡੇ ਨਾਲ ਜਿਉਂਦੇ ਸੀ
ਸਾਡੇ ਦਿਲ ਦੀ ਧੜਕਣ ਨਾਲ
ਧੜਕਦੇ ਸਨ
ਅਸੀਂ ਖਿੜਦੇ ਸਾਂ
ਖਿੜ ਉੱਠਦਾ ਸੀ ਸਮਾਂ ਵੀ
ਸਾਡੇ ਨਾਲ ਹੀ
ਰਤਾ ਮੁਰਝਾਏ ਨਹੀਂ
ਕਿ ਲਾਜਵੰਤੀ ਵਾਂਗ
ਮੁਰਝਾ ਜਾਂਦਾ ਸੀ ਉਹ ਵੀ

ਅਸੀਂ ਖ਼ੁਦ ਨੂੰ ਬਦਲਣ ਦੀ ਥਾਂ
ਸਮੇਂ ਨੂੰ ਫੜਨ ਦੇ
ਆਹਰ 'ਚ ਰਹੇ

ਭੁੱਲ ਹੀ ਗਏ
"ਮੈਂ ਫੜ ਫੜ ਰਿਹਾ ਧਰੀਕ
ਸਮੇਂ ਖਿਸਕਾਈ ਕੰਨੀ"

ਹੁਣ ਚਾਹੁੰਦੇ ਹਾਂ
ਕਦੇ ਵੀ ਯਾਦ ਨਾ ਆਉਣ ਉਹ ਸਮੇਂ
ਕਿ ਹਾਰੇ ਰਾਜਿਆਂ ਨੂੰ
ਮਹਿਲਾਂ ਦੇ ਸੁਪਨੇ ਆਉਣਾ
ਕੋਈ ਚੰਗੀ ਗੱਲ ਨਹੀਂ ਹੁੰਦੀ

ਪਰ
ਜਦ ਵੀ ਕਿਤਾਬਾਂ ਵਾਲੀ ਅਲਮਾਰੀ
ਸਾਫ਼ ਕਰਨ ਬਹਿੰਦੇ ਹਾਂ
ਕਿਸੇ ਪੁਰਾਣੀ ਡਾਇਰੀ 'ਚੋਂ
ਮੌਲੀ ਨਾਲ ਬੱਧੇ
ਖ਼ਤਾਂ ਦੇ ਪੁਲੰਦੇ 'ਚੋਂ
ਕਿਸੇ ਪੁਰਾਣੀ ਅਖ਼ਬਾਰ ਦੀ
ਕਤਰਨ 'ਚੋਂ
ਵਾਰ-ਵਾਰ
ਜ਼ਿਹਨ ਨੂੰ ਠਕੋਰਦੇ ਰਹਿੰਦੇ ਨੇ
ਉਹ ਸਮੇਂ

ਉਦੋਂ ਉਧੜ ਜਾਂਦੇ ਹਾਂ
ਬਿਖਰ ਜਾਂਦੇ ਹਾਂ
ਟੁੱਟ ਜਾਂਦੇ ਹਾਂ
ਬੜਾ ਸਮਾਂ ਲੱਗਦਾ ਹੈ
ਖ਼ੁਦ ਨੂੰ ਸਮੇਟਣ ਵਿਚ

ਖ਼ੁਦ ਨੂੰ ਸਮੇਟਣ ਦਾ ਆਹਰ
ਬੜਾ ਦੁਖਦਾਈ ਹੁੰਦਾ ਹੈ

ਉਨ੍ਹਾਂ ਸਮਿਆਂ ਨੂੰ ਚੇਤੇ ਕਰਨ ਤੋਂ ਵੀ
ਵੱਧ ਦੁਖਦਾਈ

ਜੋ ਕਦੇ ਸਾਡੇ ਹੁੰਦੇ ਸਨ

ਸਾਡੇ ਮਹਾਂਨਾਇਕ ਹੋਣ ਦੇ ਸੁਪਨੇ ਦੇ
ਚਸ਼ਮਦੀਦ ਗਵਾਹ

ਬੜੇ ਪੁਰਾਣੇ ਹੋ ਗਏ ਨੇ ਉਹ ਸਮੇਂ
♦

## ਥੋੜ੍ਹਾ ਕੁ

ਰੇਸ 'ਤੇ ਰੱਖਿਆ ਹੈ ਪੈਰ
ਰਤਾ ਕੁ ਦਬਾਇਆ
ਸੜਕਾਂ ਕਿਨਾਰੇ ਲੱਗੇ ਰੁੱਖ
ਤੇਜ਼ੀ ਨਾਲ ਭੱਜਣ ਲੱਗੇ
ਪਿਛਾਂਹ ਵੱਲ ਨੂੰ
ਮਨ ਸੜਕ ਦੀ ਥਾਂ
ਹਵਾ 'ਤੇ ਸਵਾਰ ਹੋ ਗਿਆ
ਏਡੇ ਵੱਡੇ ਸੰਸਾਰ ਵਿਚ
ਮਨ ਦੀ ਖ਼ੁਸ਼ੀ ਲਈ
ਕਿੰਨਾ ਥੋੜ੍ਹਾ ਕੁਝ ਚਾਹੀਦਾ ਹੈ
♦

## ਫ਼ਰੀਦ ਨਾਲ ਗ਼ੈਰ-ਰਸਮੀ ਸੰਵਾਦ

ਹੇ ਫ਼ਰੀਦ!
ਨਾ ਗਲੀਏ ਚਿੱਕੜ ਹੈ
ਨਾ ਘਰ ਤੋਂ ਦੂਰੀ ਕੋਈ ਖ਼ਾਸ ਹੈ
ਮੀਂਹ ਤਾਂ ਬਹੁਤ ਦੇਰ ਹੋਈ
ਕਦੇ ਵਰ੍ਹਿਆ ਨਹੀਂ
ਕੰਬਲੀ ਭਿੱਜਣ ਦਾ ਖ਼ੌਫ਼
ਭਲਾ ਕਿੰਜ ਹੋਵੇਗਾ?

ਤੇਰੇ ਕੋਲ ਆਵਣ ਨੂੰ
ਬਸ ਐਵੇਂ ਦਿਲ ਹੀ ਨਹੀਂ ਕਰਦਾ
ਪਤਾ ਨਹੀਂ ਕੀ ਵਾਪਰਿਆ ਹੈ ਮੇਰੇ ਨਾਲ
ਤਸਬੀ
ਕਾਸਾ
ਸੋਟਾ
ਮੁਸੱਲਾ
ਸਭ ਦੇ ਅਰਥ
ਗੁੰਮ ਗੁਆਚ ਗਏ ਨੇ

ਮੈਂ ਤਾਂ ਹੁਣ ਆਪਣੇ ਬਾਲਾਂ ਦਾ ਵੀ ਨਹੀਂ ਰਿਹਾ
ਉਨ੍ਹਾਂ ਦੇ ਤੋਤਲੇ ਬੋਲਾਂ ਤੋਂ ਜ਼ਿਆਦਾ
'ਟੈਲੀ' ਦੇ ਭੜਕਾਊ ਨਾਚ
ਮਨ ਮੋਹ ਲੈਂਦੇ ਨੇ
ਆਪਣੇ ਬੱਚਿਆਂ ਲਈ
ਹੁਣ ਮੈਂ

ਮੁਹੱਬਤ ਨਹੀਂ
ਬਾਜ਼ਾਰ ਮੁਹਈਆ ਕਰਦਾ ਹਾਂ

ਤੇਰੀ ਨਮਾਜ਼ ਦਾ ਮੋਹ
ਵਿਸਰ ਗਿਆ ਹੈ ਮੈਨੂੰ
ਤੇਰਾ ਕੋਈ ਉਪਦੇਸ਼
ਚੇਤੇ ਨਹੀਂ ਰਹਿੰਦਾ

ਬਹੁਤ ਜ਼ਰੂਰੀ ਹੋ ਗਿਆ ਹੈ
ਬਾਸ ਦੇ ਬੱਚੇ ਦਾ ਜਨਮ ਦਿਨ ਯਾਦ ਰੱਖਣਾ
ਉਹਦੀ ਮਿਹਰ ਦੀ ਨਜ਼ਰ
ਹਾਸਲ ਕਰਨ ਲਈ

ਹੇ ਸ਼ਕਰਗੰਜ!
ਮਿਠਾਸ ਹੁਣ ਮੇਰੀ ਜੀਵਨ ਸ਼ੈਲੀ ਨਹੀਂ
ਮੇਰੀ ਵਰਤੋਂ ਦਾ ਸਭ ਤੋਂ ਵੱਡਾ ਹਥਿਆਰ ਹੈ
'ਨੇਹੁ' ਕਾਰੋਬਾਰੀ ਸਬੰਧਾਂ ਦਾ ਦੂਜਾ ਨਾਂ
ਇਸ਼ਕ
ਜਿਸਮ ਦਰ ਜਿਸਮ ਭਟਕਣ ਦੀ
ਪ੍ਰਕਿਰਿਆ ਤੋਂ ਵੱਧ
ਕੁਝ ਨਹੀਂ ਰਿਹਾ ਮੇਰੇ ਲਈ

ਮੈਂ ਜੋ ਕਦੇ
ਤੇਰੇ ਸਲੋਕਾਂ ਦੀ ਪਰਭਾਤੀ ਨਾਲ ਜਾਗਦਾ ਸਾਂ
ਹੁਣ ਬਸ ਆਪਣੇ ਆਪ ਨੂੰ ਸ਼ੀਸ਼ੇ 'ਚ ਨਿਹਾਰਦਾ
ਆਪਣੇ ਆਪ 'ਤੇ ਫ਼ਿਦਾ ਹੁੰਦਾ

ਸਵੈ ਦੇ ਖੋਲ 'ਚ ਸਿਮਟ ਜਾਂਦਾ ਹਾਂ

ਹੇ ਫ਼ਰੀਦ
ਮੈਂ ਇਸ ਉਨੀਂਦੀ
ਨੀਂਦ 'ਚੋਂ ਜਾਗਣਾ ਚਾਹੁੰਦਾ ਹਾਂ
ਬਹੁਤ ਥੱਕ ਗਿਆ ਹਾਂ
ਸਵੈ-ਮੁਗਧ ਹੁੰਦਿਆਂ
ਅੰਨ੍ਹੀ ਦੌੜ ਦੌੜਦਿਆਂ
ਮੈਂ ਕੁਝ ਚਿਰ ਰੁਕਣਾ ਚਾਹੁੰਦਾ ਹਾਂ
ਤੇਰੇ ਸਲੋਕਾਂ ਦੀ ਲੋਰੀ ਨਾਲ
ਘੂਕ ਸੌਣਾ ਚਾਹੁੰਦਾ ਹਾਂ

ਮੈਂ ਖ਼ੁਦ ਨੂੰ ਮਿਲਣਾ ਚਾਹੁੰਦਾ ਹਾਂ
ਮੇਰੀ ਤਾਂਘ ਹੈ
ਕਿ ਮੇਰਾ ਕਾਇਆ ਕਲਪ ਹੋਵੇ
ਮੈਂ ਨਵਾਂ ਨਕੋਰ ਹੋਵਾਂ
ਸਾਬਤ ਸਬੂਤਾ ਹੋ
ਨੇਹੁ ਦਾ ਹੋਕਾ ਦੇਵਾਂ
ਇਸੇ ਇੱਛਾ ਦੇ ਨਾਲ
ਅੱਜ ਤੇਰੇ ਦਰਬਾਰ ਆਇਆ ਹਾਂ
ਉਂਝ ਨਾ ਗਲੀਏ ਚਿੱਕੜ ਹੈ
ਨਾ ਘਰ ਤੋਂ ਦੂਰੀ
ਕੋਈ ਖ਼ਾਸ ਹੈ
ਬਸ ਐਵੇਂ ਆ ਨਹੀਂ ਹੁੰਦਾ
ਬਸ ਐਵੇਂ...
ਬਸ...
♦

## ਮੈਂ ਸੂਰਜ ਹਾਂ

ਨਹੀਂ
ਮੈਂ ਕੋਈ ਜੁਗਨੂੰ ਨਹੀਂ
ਪਲ ਦੋ ਪਲ ਰੌਸ਼ਨ ਹੋਵਾਂ
ਤੇ ਬੁਝ ਜਾਵਾਂ

ਸੂਰਜ ਹਾਂ ਮੈਂ
ਰੈਣ-ਦਿਵਸ ਦੇ ਪਹੀਆਂ ਉਤੇ
ਹਰ ਵਕਤ ਸਫ਼ਰ 'ਤੇ ਹਾਂ
ਮੇਰਾ ਕਰਮ ਨਿੱਘ ਵੰਡਣੀ
ਚਾਨਣ ਦੇਣਾ
ਆਪਣੀ ਤਪਸ਼ 'ਚ ਆਪੇ ਸੜਨਾ
ਸੜਦੇ ਰਹਿਣਾ
ਮਘਦੇ ਰਹਿਣਾ

ਤਪਸ਼ ਮੇਰੀ ਤੋਂ ਬਚਣ ਲਈ
ਓਟ ਲਵੋ ਜੇ
ਛੱਤਾਂ ਦੀ
ਛੱਤਰੀਆਂ ਦੀ
ਕੰਧਾਂ ਜਾਂ ਬਿਰਖਾਂ ਦੀ
ਫਿਰ ਗਿਲ਼ਾ
ਨਿੱਘ ਨੂੰ ਨਾ ਮਾਨਣ ਦਾ
ਮੇਰੇ ਸਿਰ ਕਾਹਦਾ

ਮੈਂ ਤਾਂ ਸੂਰਜ ਹਾਂ
ਹਰ ਇਕ ਲਈ ਬਲਦਾ ਹਾਂ
ਆਪਣੀ ਤਪਸ਼ 'ਚ ਆਪੇ ਸੜਦਾ ਹਾਂ

ਨਹੀਂ
ਮੈਂ ਕੋਈ ਜੁਗਨੂੰ ਨਹੀਂ

ਸੂਰਜ ਹਾਂ ਮੈਂ
ਰੈਣ-ਦਿਵਸ ਦੇ ਪਹੀਆਂ ਉਤੇ
ਹਰ ਵਕਤ ਸਫ਼ਰ 'ਤੇ ਹਾਂ
♦

## ਕੰਨਾਂ ਵਿਚ ਗੂੰਜਦੇ ਬੋਲ

ਕਹਿ ਰਿਹਾ ਹੈ ਉਹ
ਮੇਰੇ ਕੰਨੀਂ ਵਾਰ ਵਾਰ
"ਰੱਥ ਸਮੇਂ ਦਾ ਬੇਲਗਾਮ
ਏਦਾਂ ਹੀ ਰਿਹਾ ਜੇ ਦੌੜਦਾ
ਲਹੂ ਲੁਹਾਨ ਹੋ ਜਾਵੇਗਾ
ਧਰਤ ਦਾ ਪਹਿਲਾਂ ਤੋਂ ਹੀ ਜ਼ਰਦ ਚਿਹਰਾ"

ਬੋਲ ਉਸਦੇ ਅਕਸਰ ਹੀ
ਮੇਰੇ ਕੰਨਾਂ ਵਿਚ ਨੇ ਗੂੰਜਦੇ
ਮੈਂ ਉਸ ਨੂੰ ਚੁਫ਼ੇਰੇ ਢੂੰਡਦਾ ਹਾਂ
ਭਾਲਦਾ ਹਾਂ
ਟੋਲਦਾ ਹਾਂ
ਉਸ ਇਕ ਦੀ ਭਾਲ ਅੰਦਰ
ਧਰਤ ਦਾ
ਪਾਤਾਲ ਦਾ
ਆਕਾਸ਼ ਦਾ
ਜ਼ਰਾ ਜ਼ਰਾ ਫੋਲਦਾ ਹਾਂ

ਕੌਣ ਹੈ ਉਹ
ਮੇਰੇ ਕੰਨਾਂ ਦੇ ਕੋਲ ਆ ਕੇ
ਲਹੂ ਭਿੱਜੇ ਇਤਿਹਾਸ ਦੀ
ਅਕਸਰ ਹੀ ਜੋ ਗਾਥਾ ਸੁਣਾਵੇ

ਆਵਾਜ਼ ਜਾਣੀ ਪਹਿਚਾਣੀ ਜਿਹੀ ਲੱਗੇ
ਪਰ ਕੋਈ ਵੀ ਨਜ਼ਰ ਨਾ ਆਵੇ

ਮੈਂ ਜਦ ਵੀ ਬੋਲ ਉਸਦੇ ਸੁਣਦਾ ਹਾਂ
ਬੜਾ ਸ਼ਰਸ਼ਾਰ ਹੁੰਦਾ ਹਾਂ
ਉਸ ਦੇ ਬੋਲਾਂ ਵਿਚਲੇ ਸੱਚ ਨੂੰ
ਸਵੀਕਾਰ ਕਰਦਾ ਹਾਂ
ਬੜੀ ਅਹਿਸਤਾ ਜਿਹੀ ਉਹ
ਜਿਹੜੀ ਬਾਤ ਕਹਿੰਦਾ ਹੈ
ਮੇਰੇ ਕੰਨਾਂ 'ਚ ਉਹ ਸਦਾ ਹੈ ਗੂੰਜਦੀ ਰਹਿੰਦੀ
ਰੂਹ ਮੇਰੀ ਨੂੰ ਬੜਾ ਬੇਚੈਨ ਕਰਦੀ ਹੈ

ਬਾਤ ਉਸਦੀ ਦੇ ਸਾਹਵੇਂ ਖ਼ੁਦ ਨੂੰ
ਊਣਾ ਜਿਹਾ
ਬੌਣਾ ਜਿਹਾ
ਪੌਣਾ ਜਿਹਾ
ਮਹਿਸੂਸ ਕਰਦਾ ਹਾਂ

ਮੈਂ ਖ਼ਲਾਅ ਵਿਚ ਆਵਾਜ਼ਾਂ ਮਾਰਦਾਂ ਉਸ ਨੂੰ
ਮੈਂ ਉਸ ਤੋਂ ਪੁੱਛਣਾ ਚਾਹੁੰਦਾ ਹਾਂ
ਕਿ ਪੂਰਨ ਹੋਣ ਦਾ ਅਹਿਸਾਸ
ਕਿਵੇਂ ਮੱਥੇ 'ਚ ਜਗਣ ਲੱਗਦਾ ਹੈ

ਕਿਵੇਂ ਬੋਲਾਂ 'ਚ ਸੁਲਘਦੈ ਸੂਰਜ ਉਹ
ਜਿਸ ਨੂੰ ਸੇਕਿਆਂ
ਮਨ ਅੰਦਰ ਬੜਾ ਕੁਝ ਮਘਣ ਲੱਗਦਾ ਹੈ

ਮੈਂ ਉਸ ਨੂੰ ਪੁੱਛਣਾ ਚਾਹੁੰਦਾ ਹਾਂ
ਕਿ ਕੰਨਾਂ ਦੇ ਕੋਲ
ਉਹ ਧਰਤ ਦੀ ਪੀੜ ਦੀ
ਪੀੜ ਦੇ ਇਤਿਹਾਸ ਦੀ
ਇਤਿਹਾਸ ਦੇ ਅਹਿਸਾਸ ਦੀ
ਜੋ ਗਾਥਾ ਸੁਣਾਉਂਦਾ ਹੈ

ਭਲਾ ਉਹ ਊਣਿਆਂ
ਬੌਣਿਆਂ
ਪੌਣਿਆਂ
ਕੋਲੋਂ ਕੀ ਚਾਹੁੰਦਾ ਹੈ

ਮੈਂ ਪੁੱਛਦਾ ਹਾਂ
ਤੇ ਆਵਾਜ਼ ਇਕ ਜਿਵੇਂ
ਪਹਾੜੀ ਨਾਲ ਟਕਰਾ ਕੇ ਪਰਤ ਆਵੇ
ਮੈਂ ਨੀਝ ਨਾਲ ਸੁਣਾ
ਆਵਾਜ਼ ਜਾਣੀ ਪਹਿਚਾਣੀ ਇਹ
ਕੁਝ ਏਦਾਂ ਕਹੇ
ਰਾਗ ਸਮੇਂ ਦਾ ਸੁਣਾਵੇ
"ਇਹ ਊਣੇ
ਬੌਣੇ
ਪੌਣੇ ਹੋਣਾ
ਮਨ ਦੀ ਹੀ ਅਵਸਥਾ ਹੈ
ਬੰਦੇ ਦੇ ਅੰਦਰ ਦਾ ਡਰ ਹੈ
ਇਸ ਡਰ ਨੂੰ ਜਦ ਮਾਰ ਲਵੋਂਗੇ

ਖ਼ੁਦ ਨੂੰ ਫਿਰ ਵਿਸਥਾਰ ਲਵੇਂਗੇ
ਇਹ ਵਿਸਥਾਰ ਇਤਿਹਾਸ ਬਣੇਗਾ
ਪੂਰਨਤਾ ਦੀ ਅਹਿਸਾਸ ਬਣੇਗਾ
♦

## ਜੀਅ ਕਰਦਾ ਹੈ

ਆਪਣੇ ਆਪ 'ਚ
ਨਹੀਂ ਰਹਿੰਦਾ ਮੈਂ ਅੱਜ ਕਲ੍ਹ
ਕਿਨਾਰੇ ਤੋੜ ਕੇ ਵਹਿੰਦੇ
ਦਰਿਆ ਵਰਗਾ ਹੋ ਗਿਆ ਹਾਂ

ਲਫ਼ਜ਼ ਜੋ ਸਮੇਟ ਲੈਂਦੇ ਸੀ ਮੈਨੂੰ
ਕਦੇ ਚਾਕਰੀ ਕਰਦੇ ਸਨ ਮੇਰੀ
ਅੱਜ ਕਲ੍ਹ ਬਹੁਤ ਅੱਥਰੇ ਹੋ ਗਏ ਨੇ?
ਧਰਤੀ
ਛੋਟੀ ਛੋਟੀ ਲੱਗਣ ਲੱਗ ਪਈ ਹੈ
ਅੰਬਰ
ਬਹੁਤ ਨੀਵਾਂ ਨੀਵਾਂ
ਤਾਰਿਆਂ ਨੂੰ
ਭੁੱਲ ਗਈਆਂ ਨੇ ਗੱਲਾਂ ਕਰਨੀਆਂ
ਚੰਨ
ਬੱਦਲਾਂ ਦੇ ਉਹਲੇ
ਲੁਕ ਗਿਆ ਹੈ ਸ਼ਾਇਦ ਸਦਾ ਲਈ
ਸੂਰਜ
ਏਨਾ ਨਿਤਾਣਾ ਹੋ ਗਿਆ ਹੈ
ਸਾੜਨਾ ਤਾਂ ਕੀ ਹੈ
ਨਿੱਘ ਵੀ ਨਹੀਂ ਮਿਲਦੀ ਮੈਨੂੰ
ਜੀ ਕਰਦਾ ਹੈ
ਮਾਲੀ ਹੋ ਜਾਵਾਂ

ਪਰ ਗ਼ਮਲਿਆਂ 'ਚ
ਸੁਪਨੇ ਨਹੀਂ ਉੱਗਦੇ ਸ਼ਾਇਦ

ਮੇਰਾ ਬੜਾ ਜੀਅ ਕਰਦਾ ਹੈ
ਸੁਪਨੇ ਬੀਜਣ ਨੂੰ
♦

## ਇਕੱਲਾ ਨਹੀਂ ਹਾਂ ਮੈਂ

ਤੂੰ ਨਹੀਂ ਹੈਂ ਕੋਲ
ਫਿਰ ਵੀ ਇਕੱਲਾ ਨਹੀਂ ਹਾਂ ਮੈਂ

ਤੇਰੇ ਸਾਥ ਦਾ ਨਿੱਘ
ਤੇਰੇ ਸਾਹਾਂ ਦੀ ਮਹਿਕ
ਤੇਰੀ ਦੇਹ ਦੀ ਛੋਹ
ਤੇਰੀ ਹੋਂਦ ਦਾ ਅਹਿਸਾਸ
ਹਰ ਪਲ ਅੰਗ ਸੰਗ ਨੇ ਮੇਰੇ

ਤੇਰੀ ਹਾਜ਼ਰੀ
ਇਕੱਲਾ ਹੋਣ ਹੀ ਨਹੀਂ ਦਿੰਦੀ ਮੈਨੂੰ
ਕਿਤਾਬਾਂ ਦੇ ਸਫ਼ਿਆਂ 'ਤੇ ਤੇਰੀ ਮੂਰਤ
ਹਰਫ਼ਾਂ 'ਚ ਤੇਰੇ ਲਰਜ਼ਦੇ ਹੋਂਠ
ਚੰਨ 'ਚੋਂ ਦਿਸਦਾ ਤੇਰਾ ਦਮਕਦਾ ਚਿਹਰਾ
ਸਿਤਾਰ ਦੀ ਸੁਰ 'ਤੇ
ਅਲਾਪ ਲੈਂਦੇ ਤੇਰੇ ਹੋਂਠ
ਮੇਰੇ ਦੁਆਲੇ ਲਹਿਰੀਆਂ ਪਾਉਂਦਾ
ਤੇਰਾ ਸਮੁੱਚਾ ਵਜੂਦ

ਏਨਾ ਗਹਿਰਾ ਸੰਗ ਸਾਥ

ਕਿਵੇਂ ਇਕੱਲਾ ਹੋ ਸਕਦਾ ਹਾਂ ਮੈਂ

ਤੂੰ ਨਹੀਂ ਹੈਂ ਕੋਲ
ਫਿਰ ਵੀ ਇਕੱਲਾ ਨਹੀਂ ਹਾਂ ਮੈਂ।

♦♦♦